# ਦਫਤਰ ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ.ਨਗਰ

ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ.ਨਗਰ ਦੀ ਸਧਾਰਨ ਮੀਟਿੰਗ ਮਿਤੀ 12/02/2020 ਨੂੰ ਦੁਪਿਹਰ 12:00 ਵਜੇ ਸ੍ਰੀ ਕੁਲਵੰਤ ਸਿੰਘ, ਮੇਅਰ, ਨਗਰ ਨਿਗਮ, ਐਸ.ਏ.ਐਸ.ਨਗਰ ਜੀ ਦੀ ਪ੍ਰਧਾਨਗੀ ਹੇਠ ਮਿਉਂਸਪਲ ਭਵਨ, ਸੈਕਟਰ 68 ਵਿਖੇ ਹੋਈ ਜਿਸ ਵਿੱਚ ਹੇਠ ਲਿਖੇ ਅਨੁਸਾਰ ਮੈਬਰ ਸਾਹਿਬਾਨ ਹਾਜ਼ਰ ਆਏ :-

| ਲੜੀ ਨੰ: | ਕੌਸਲਰ ਦਾ ਨਾਮ | ਲੜੀ ਨੰ: | ਕੌਸਲਰ ਦਾ ਨਾਮ | ਲੜੀ ਨੰ: | ਕੌਸਲਰ ਦਾ ਨਾਮ |
|---|---|---|---|---|---|
| 1 | ਸ੍ਰੀ ਰਿਸ਼ਵ ਜੈਨ,ਸੀਨੀਅਰ ਡਿਪਟੀ ਮੇਅਰ | 17 | ਸ੍ਰੀ ਕੁਲਜੀਤ ਸਿੰਘ ਬੇਦੀ, ਮੈਂਬਰ ਵਾਰਡ ਨੰ.17 | 33 | ਸ੍ਰੀਮਤੀ ਪ੍ਰਕਾਸ਼ ਵਤੀ, ਮੈਂਬਰ ਵਾਰਡ ਨੰ:37 |
| 2 | ਸ੍ਰੀ ਮਨਜੀਤ ਸਿੰਘ ਸੇਠੀ, ਡਿਪਟੀ ਮੇਅਰ | 18 | ਸ੍ਰੀ ਪਰਮਜੀਤ ਸਿੰਘ ਕਾਹਲੋਂ, ਮੈਂਬਰ ਵਾਰਡ ਨੰ:18 | 34 | ਸ੍ਰੀ ਰਵਿੰਦਰ ਸਿੰਘ, ਮੈਂਬਰ ਵਾਰਡ ਨੰ.38 |
| 3 | ਸ੍ਰੀ ਰਾਜਿੰਦਰ ਪ੍ਰਸਾਦ, ਮੈਂਬਰ ਵਾਰਡ ਨੰ:1 | 19 | ਸ੍ਰੀਮਤੀ ਹਰਵਿੰਦਰ ਕੌਰ ਲੰਗ,ਮੈਂਬਰ ਵਾਰਡ ਨੰ:19 | 35 | ਸ੍ਰੀਮਤੀ ਰਮਨਪ੍ਰੀਤ ਕੌਰ, ਮੈਂਬਰ ਵਾਰਡ ਨੰ:39 |
| 4 | ਸ੍ਰੀ ਨਰਾਇਣ ਸਿੰਘ ਸਿੱਧੂ, ਮੈਂਬਰ ਵਾਰਡ ਨੰ.2 | 20 | ਸ੍ਰੀ ਫੂਲਰਾਜ ਸਿੰਘ, ਮੈਂਬਰ ਵਾਰਡ ਨੰ. 21 | 36 | ਸ੍ਰੀਮਤੀ ਜ਼ਸਬੀਰ ਕੌਰ ਅੱਤਲੀ,ਮੈਂਬਰ ਵਾ ਨੰ:40 |
| 5 | ਸ੍ਰੀਮਤੀ ਸੁਮਨ, ਮੈਂਬਰ ਵਾਰਡ ਨੰ. 3 | 21 | ਸ੍ਰੀ ਸਤਵੀਰ ਸਿੰਘ ਧਨੋਆ, ਮੈਂਬਰ ਵਾਰਡ ਨੰ.23 | 37 | ਸ੍ਰੀ ਸੁਰਿੰਦਰ ਸਿੰਘ, ਮੈਂਬਰ ਵਾਰਡ ਨੰ.41 |
| 6 | ਸ੍ਰੀਮਤੀ ਗੁਰਮੀਤ ਕੌਰ, ਮੈਂਬਰ ਵਾਰਡ ਨੰ:4 | 22 | ਸ੍ਰੀ ਕਮਲਜੀਤ ਸਿੰਘ ਰੂਬੀ, ਮੈਂਬਰ ਵਾਰਡ ਨੰ:24 | 38 | ਸ੍ਰੀ ਪਰਵਿੰਦਰ ਸਿੰਘ, ਮੈਂਬਰ ਵਾਰਡ ਨੰ.42 |
| 7 | ਸ੍ਰੀ ਭਾਰਤ ਭੂਸ਼ਨ ਮੈਣੀ, ਮੈਂਬਰ ਵਾਰਡ ਨੰ.5 | 23 | ਸ੍ਰੀ ਸਰਬਜੀਤ ਸਿੰਘ, ਮੈਂਬਰ ਵਾਰਡ ਨੰ.25 | 39 | ਸ੍ਰੀਮਤੀ ਕਮਲਜੀਤ ਕੌਰ, ਮੈਬਰ ਵਾਰਡ ਨੰ:43 |
| 8 | ਸ੍ਰੀ ਨਛੱਤਰ ਸਿੰਘ, ਮੈਂਬਰ ਵਾਰਡ ਨੰ:6 | 24 | ਸ੍ਰੀਮਤੀ ਕੁਲਵਿੰਦਰ ਕੌਰ ਰੰਗੀ, ਮੈਂਬਰ ਵ.ਨੰ.26 | 40 | ਸ੍ਰੀ ਅਮਰੀਕ ਸਿੰਘ ਸੋਮਲ, ਮੈਂਬਰ ਵਾ.ਨੰ.44 |
| 9 | ਸ੍ਰੀਮਤੀ ਕੁਲਵੰਤ ਕੌਰ, ਮ੍ਰੈਬਰ ਵਾਰਡ ਨੰ.7 | 25 | ਸ੍ਰੀ ਗੁਰਮੀਤ ਸਿੰਘ ਵਾਲੀਆ,ਮੈਂਬਰ ਵ.ਨੰ.27 | 41 | ਸ੍ਰੀਮਤੀ ਰਾਜਿੰਦਰ ਕੌਰ, ਮੈਂਬਰ ਵਾਰਡ ਨੰ.46 |
| 10 | ਸ੍ਰੀ ਅਸ਼ੋਕ ਕੁਮਾਰ ਝਾਅ, ਮੈਂਬਰ ਵਾਰਡ ਨੰ:8 | 26 | ਸ੍ਰੀਮਤੀ ਉਪਿੰਦਰ ਪ੍ਰੀਤ ਕੌਰ ਅਰੋੜਾ,ਮੈਂਬਰ ਵ.ਨੰ29 | 42 | ਸ੍ਰੀ ਸੁਖਦੇਵ ਸਿੰਘ ਪਟਵਾਰੀ, ਮੈਂਬਰ ਵ.ਨੰ.47 |
| 11 | ਸ੍ਰੀ ਅਰੁਣ ਸ਼ਰਮਾ, ਮੈਂਬਰ ਵਾਰਡ ਨੰ:9 | 27 | ਸ੍ਰੀ ਅਮਰੀਕ ਸਿੰਘ, ਮੈਂਬਰ ਵਾਰਡ ਨੰ:30 | 43 | ਸ੍ਰੀਮਤੀ ਕਰਮਜੀਤ ਕੌਰ, ਮੈਂਬਰ ਵਾਰਡ ਨੰ:48 |
| 12 | ਸ੍ਰੀਮਤੀ ਕੁਲਦੀਪ ਕੌਰ ਕੰਗ,ਮੈਂਬਰ ਵ.ਨੰ.10 | 28 | ਸ੍ਰੀਮਤੀ ਰਾਜ ਰਾਣੀ, ਮੈਂਬਰ ਵਾਰਡ ਨੰ.31 | 44 | ਸ੍ਰੀ ਹਰਪਾਲ ਸਿੰਘ, ਮੈਂਬਰ ਵਾਰਡ ਨੰ:50 |
| 13 | ਸ੍ਰੀ ਗੁਰਮੁੱਖ ਸਿੰਘ ਸੋਹਲ,ਮੈਂਬਰ ਵਾਰਡ ਨੰ:11 | 29 | ਸ੍ਰੀ ਜਸਬੀਰ ਸਿੰਘ, ਮੈਂਬਰ ਵਾਰਡ ਨੰ.33 | | |
| 14 | ਸ੍ਰੀਮਤੀ ਜਸਪ੍ਰੀਤ ਕੌਰ, ਮੈਂਬਰ ਵਾਰਡ ਨੰ.13 | 30 | ਸ੍ਰੀਮਤੀ ਰਜ਼ਨੀ ਗੋਇਲ, ਮ੍ਰੈਬਰ ਵਾਰਡ ਨੰ. 34 | | |
| 15 | ਸ੍ਰੀ ਹਰਮਨਪ੍ਰੀਤ ਸਿੰਘ ਪ੍ਰਿੰਸ,ਮੈਂਬਰ ਵਾਰਡ ਨੰ.15 | 31 | ਸ੍ਰੀ ਪਰਵਿੰਦਰ ਸਿੰਘ, ਮੈਂਬਰ ਵਾਰਡ ਨੰ.35 | | |
| 16 | ਸ੍ਰੀਮਤੀ ਤਰਨਜੀਤ ਕੌਰ ਗਿੱਲ, ਮੈਂਬਰ ਵਾ ਨੰ:16 | 32 | ਸ੍ਰੀ ਸ਼ਿੰਦਰ ਪਾਲ ਸਿੰਘ, ਮੈਂਬਰ ਵਾਰਡ ਨੰ.36 | | |

| Sr. No. | Resolution No. | Date of Meeting | Resolution Description | Orders of Competent Authority<br>ਪ੍ਰਵਾਨਗੀ ਜਨਰਲ ਹਾਊਸ |
|---|---|---|---|---|
| 1 | 617 | 12.02.20 | ਮਿਉਂਸਪਲ ਕਾਰਪੋਰੇਸ਼ਨ ਦੀ ਪਿਛਲੀ ਸਧਾਰਨ ਮੀਟਿੰਗ ਮਿਤੀ 03/01/2020 ਦੀ ਕਾਰਵਾਈ ਦੀ ਪੁਸ਼ਟੀ ਕਰਨ ਸਬੰਧੀ। | ਪਿਛਲੀ ਮੀਟਿੰਗ ਮਿਤੀ 03/01/2020 ਦੀ ਕਾਰਵਾਈ ਦੀ ਪੁਸ਼ਟੀ ਸਰਬ ਸੰਮਤੀ ਨਾਲ ਕੀਤੀ ਜਾਂਦੀ ਹੈ। |
| 2 | 618 | 12.02.20 | **ਨਗਰ ਨਿਗਮ ਵਿਖੇ ਡਰਾਇਵਰ, ਲਾਇਬ੍ਰੇਰੀਅਨ ਅਤੇ ਜੂਨੀਅਰ ਲਾਇਬ੍ਰੇਰੀਅਨ ਦੀਆਂ ਮੌਜੂਦਾ ਪ੍ਰਵਾਨਿਤ ਆਸਾਮੀਆਂ ਤੋਂ ਇਲਾਵਾ ਹੋਰ ਆਸਾਮੀਆਂ ਦੀ ਰਚਨਾ ਕਰਨ ਸਬੰਧੀ।**<br>ਰਿਪੋਰਟ ਸੁਪਰਡੈਂਟ (ਅਮਲਾ) ਕਿ ਨਗਰ ਨਿਗਮ ਵਲੋਂ ਸ਼ਹਿਰ ਦੇ ਵੱਖ-ਵੱਖ ਸੈਕਟਰਾਂ/ ਫੇਜਾਂ ਵਿੱਚ 6 ਲਾਇਬ੍ਰੇਰੀਆਂ ਚਲਾਈਆਂ ਜਾ ਰਹੀਆਂ ਹਨ ਪ੍ਰੰਤੂ ਇੰਨ੍ਹਾਂ ਲਾਇਬ੍ਰੇਰੀਆਂ ਨੂੰ ਚਲਾਉਣ/ਦੇਖ-ਭਾਲ ਕਰਨ ਲਈ ਕੋਈ ਅਜਿਹੇ ਯੋਗ ਅਧਿਕਾਰੀ/ਕਰਮਚਾਰੀ ਨਹੀਂ ਹਨ ਜੋ ਲਾਇਬ੍ਰੇਰੀਆਂ ਨੂੰ ਸੁਚੱਜੇ ਢੰਗ ਨਾਲ ਚਲਾਉਣ ਦੀ ਵਿਦਿਅਕ ਯੋਗਤਾ ਰਖਦੇ ਹੋਣ, ਜਦੋਂ ਕਿ ਲਾਇਬ੍ਰੇਰੀਆਂ ਦੀ ਸਹੀ ਢੰਗ ਨਾਲ ਦੇਖਭਾਲ ਕਰਨ ਲਈ ਯੋਗ ਸਟਾਫ ਦਾ ਹੋਣਾ ਜਰੂਰੀ ਹੈ। ਇਸ ਸਮੇਂ ਨਗਰ ਨਿਗਮ ਵਿਖੇ ਜੋ ਆਸਾਮੀਆਂ ਪ੍ਰਵਾਨਿਤ ਹਨ ਉਨ੍ਹਾਂ ਵਿੱਚ ਲਾਇਬ੍ਰੇਰੀਅਨ ਅਤੇ ਜੂਨੀਅਰ ਲਾਇਬ੍ਰੇਰੀਅਨ ਦੀ ਇਕ-ਇਕ ਆਸਾਮੀ ਪ੍ਰਵਾਨਿਤ ਹੈ ਅਤੇ ਇਹ ਦੋਨੋ ਆਸਾਮੀਆਂ ਖਾਲੀ ਹਨ।ਜੇਕਰ ਇਹ ਦੋਨੋ ਆਸਾਮੀਆਂ ਭਰ ਲਈਆਂ ਜਾਂਦੀਆਂ ਹਨ ਜਾਂ ਇੰਨ੍ਹਾਂ ਆਸਾਮੀਆਂ ਦੇ ਵਿਰੁੱਧ ਆਉਟਸੋਰਸ ਰਾਹੀਂ ਮੈਨਪਾਵਰ ਲੈ ਲਈ ਜਾਂਦੀ ਹੈ ਤਾਂ ਵੀ ਵੱਧ ਤੋਂ ਵੱਧ ਦੋ ਲਾਇਬ੍ਰੇਰੀਆਂ ਦੀ ਦੇਖਭਾਲ ਹੋ ਸਕੇਗੀ। ਇਥੇ ਇਹ ਵੀ ਦੱਸਣ ਯੋਗ ਹੈ ਕਿ ਇਸ ਸਮੇਂ ਜੋ ਲਾਇਬ੍ਰੇਰੀਆਂ ਬਣਾਈਆਂ ਗਈਆਂ ਹਨ ਉਨ੍ਹਾਂ ਵਿੱਚੋਂ ਕੋਈ ਵੀ ਲਾਇਬ੍ਰੇਰੀ ਸੈਕਟਰ 76 ਤੋਂ 80 ਵਿੱਚ ਪੈਂਦੇ ਏਰੀਏ ਵਿੱਚ ਨਹੀਂ ਹੈ ਜਿਸ ਕਾਰਨ ਆਉਣ ਵਾਲੇ ਸਮੇਂ ਵਿੱਚ ਇੰਨ੍ਹਾਂ ਸੈਕਟਰਾਂ ਵਿੱਚ ਵੀ ਨਗਰ ਨਿਗਮ ਵਲੋਂ ਲਾਇਬ੍ਰੇਰੀਆਂ ਬਨਵਾਈਆਂ ਜਾ ਸਕਦੀਆਂ ਹਨ।ਇੰਨ੍ਹਾਂ ਤਥਾਂ ਦੇ ਮੱਦੇ ਨਜ਼ਰ ਨਗਰ ਨਿਗਮ ਨੂੰ ਲਾਇਬ੍ਰੇਰੀਆਂ ਦੀ ਦੇਖਭਾਲ ਨਾਲ ਸਬੰਧਤ | ਸਰਬ ਸੰਮਤੀ ਨਾਲ ਰੂਲਾਂ ਅਨੁਸਾਰ ਪ੍ਰਵਾਨ ਹੈ। |

| | | | | |
|---|---|---|---|---|
| | | | ਵਿਦਿਅਕ ਯੋਗਤਾ ਰੱਖਦੇ ਕਰਮਚਾਰੀਆਂ ਦੀ ਨਿਯੁੱਕਤੀ ਕਰਨ ਦੀ ਜਰੂਰਤ ਹੈ ਜਿੰਨ੍ਹਾਂ ਦੀ ਨਿਯੁੱਕਤੀ ਤਾਂ ਹੀ ਹੋ ਸਕਦੀ ਹੈ ਜੇਕਰ ਸਬੰਧਤ ਆਸਾਮੀਆਂ ਪ੍ਰਵਾਨਿਤ ਹੋਣ। ਇਸ ਸਮੇਂ ਚੱਲ ਰਹੀਆਂ ਲਾਇਬ੍ਰੇਰੀਆਂ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਲਾਇਬ੍ਰੇਰੀਆਂ ਬਣਾਏ ਜਾਣ ਦੀ ਸੰਭਾਵਣਾ ਨੂੰ ਦੇਖਦੇ ਹੋਏ ਨਗਰ ਨਿਗਮ ਵਿਖੇ ਘੱਟੋ-ਘੱਟ ਦੋ ਲਾਇਬ੍ਰੇਰੀਅਨ ਅਤੇ 8 ਜੂਨੀਅਰ ਲਾਇਬ੍ਰੇਰੀਅਨ ਦੀ ਜਰੂਰਤ ਹੈ। ਇਸ ਤੋਂ ਇਲਾਵਾ ਇਸ ਸਮੇਂ ਨਗਰ ਨਿਗਮ ਵਿਖੇ ਡਰਾਇਵਰਾਂ ਦੀਆਂ ਪ੍ਰਵਾਨਤ ਅਸਾਮੀਆਂ ਦੀ ਕੁੱਲ ਗਿਣਤੀ 20 ਹੈ ਜਦਕਿ ਵੱਖ-ਵੱਖ ਤਰ੍ਹਾਂ ਦੇ ਵਹਿਕਲਾਂ ਦੀ ਗਿਣਤੀ ਇਸ ਤੋਂ ਜਿਆਦਾ ਹੈ। ਜਿਸ ਕਾਰਨ ਇਸ ਸਮੇਂ ਨਗਰ ਨਿਗਮ ਪਾਸ ਉਪਲਬਧ ਵਹਿਕਲਾਂ ਨੂੰ ਚਲਾਉਣ ਲਈ ਵੀ ਲੋੜੀਂਦੀ ਗਿਣਤੀ ਵਿੱਚ ਡਰਾਇਵਰ ਉਪਲਬਧ ਨਹੀਂ ਹਨ। ਨਗਰ ਨਿਗਮ ਦੇ ਕਾਰਜ ਖੇਤਰ ਵਿੱਚ ਅਤੇ ਕੰਮਾਂ ਤੇ ਜਿੰਮੇਵਾਰੀਆਂ ਵਿੱਚ ਦਿਨ ਬ ਦਿਨ ਹੋ ਰਹੇ ਵਾਧੇ ਕਾਰਨ ਨਗਰ ਨਿਗਮ ਨੂੰ ਹੋਰ ਡਰਾਇਵਰਾਂ ਦੀ ਸਖਤ ਜਰੂਰਤ ਹੈ ਕਿਉਂਕਿ ਨਗਰ ਨਿਗਮ ਨਾਲ ਸਬੰਧਤ ਲਗਭੱਗ ਹਰ ਤਰ੍ਹਾਂ ਦੇ ਕੰਮ ਜਿਵੇਂ ਕਿ ਸਫਾਈ ਦਾ ਕੰਮ, ਹੋਰਟੀਕਲਚਰ ਦਾ ਕੰਮ, ਤਹਿਬਜਾਰੀ ਦਾ ਕੰਮ, ਇੰਨਫੋਰਸਮੈਂਟ ਦੇ ਕੰਮ ਜਿਵੇਂ ਕਿ ਨਜਾਇਜ ਉਸਾਰੀਆਂ ਨੂੰ ਰੋਕਣਾ, ਅਣਅਧਿਕਾਰਤ ਇਸਤਿਹਾਰਬਾਜੀ ਨੂੰ ਰੋਕਣਾ ਆਦਿ, ਸ਼ਹਿਰ ਵਿੱਚੋਂ ਅਵਾਰਾ ਪਸ਼ੂਆਂ ਨੂੰ ਫੜਨਾ, ਅਵਾਰਾ ਕੁੱਤੀਆਂ ਦੀ ਨੱਸਬੰਦੀ ਕਰਨ ਲਈ ਫੜਨਾ, ਫਿਊਨਰਲ ਵੈਨ ਲਈ, ਨਗਰ ਨਿਗਮ ਦੇ ਅਧਿਕਾਰੀਆਂ ਅਤੇ ਮਾਨਯੋਗ ਮੇਅਰ, ਨਗਰ ਨਿਗਮ ਲਈ ਸਟਾਫ ਕਾਰ ਵਾਸਤੇ ਡਰਾਇਵਰ ਦੀ ਜਰੂਰਤ ਹੁੰਦੀ ਹੈ। ਇਸ ਲਈ ਜਰੂਰੀ ਹੈ ਕਿ ਨਗਰ ਨਿਗਮ ਦੇ ਕੰਮ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਡਰਾਇਵਰਾਂ ਦੀਆਂ ਹੋਰ ਅਸਾਮੀਆਂ ਦੀ ਰਚਨਾ ਕੀਤੀ ਜਾਵੇ।<br>ਇਸ ਲਈ ਤਜਵੀਜ ਪੇਸ਼ ਕੀਤੀ ਜਾਂਦੀ ਹੈ ਕਿ ਨਗਰ ਨਿਗਮ ਵਿਖੇ ਡਰਾਇਵਰ, ਲਾਇਬ੍ਰੇਰੀਅਨ ਅਤੇ ਜੂਨੀਅਰ ਲਾਇਬ੍ਰੇਰੀਅਨ ਦੀਆਂ ਮੌਜੂਦਾ ਪ੍ਰਵਾਨਿਤ ਆਸਾਮੀਆਂ ਤੋਂ ਇਲਾਵਾ ਡਰਾਇਵਰ ਦੀਆਂ 15, ਲਾਇਬ੍ਰੇਰੀਅਨ ਦੀ ਇਕ ਅਤੇ ਜੂਨੀਅਰ ਲਾਇਬ੍ਰੇਰੀਅਨ ਦੀਆਂ 7 ਆਸਾਮੀਆਂ ਦੀ ਰਚਨਾ ਕਰਨ ਲਈ ਤਜਵੀਜ ਨਗਰ ਨਿਗਮ ਦੇ ਹਾਊਸ ਅੱਗੇ ਪੇਸ਼ ਕਰ ਦਿੱਤੀ ਜਾਵੇ ਅਤੇ ਜੇਕਰ ਤਜਵੀਜ ਨੂੰ ਹਾਊਸ ਵਲੋਂ ਪ੍ਰਵਾਨਗੀ ਦੇ ਦਿੱਤੀ ਜਾਂਦੀ ਹੈ ਤਾਂ ਇੰਨ੍ਹਾਂ ਦੀ ਰਚਨਾ ਕਰਨ ਲਈ ਸਰਕਾਰ ਨੂੰ ਲਿਖਿਆ ਜਾ ਸਕੇਗਾ।<br>ਇਸ ਸਬੰਧੀ ਦਸਿਆ ਜਾਂਦਾ ਹੈ ਕਿ ਲਾਇਬ੍ਰੇਰੀਆਂ ਵਿਖੇ ਸਟਾਫ ਦੀ ਤੈਨਾਤੀ ਲਈ ਪੰਜਾਬ ਸਰਕਾਰ ਵਲੋਂ ਲਾਇਬ੍ਰੇਰੀਆਂ ਵਿਖੇ ਸਟਾਫ ਦੇ ਨਾਰਮਸ ਸਬੰਧੀ ਕੋਈ ਹਦਾਇਤਾਂ ਨਹੀਂ ਮਿਲੀਆਂ, ਇਸ ਲਈ ਲਾਇਬ੍ਰੇਰੀਆਂ ਵਿਖੇ ਸਟਾਫ ਦੀ ਤੈਨਾਤੀ ਸਬੰਧੀ ਯੂ.ਜੀ.ਸੀ., ਏ.ਆਈ.ਸੀ.ਟੀ.ਈ.ਆਦਿ ਵਲੋਂ ਜਾਰੀ ਹਦਾਇਤਾਂ ਇੰਨਟਰਨੈਟ ਤੋਂ ਡਾਊਨਲੋਡ ਕੀਤੀਆਂ ਗਈਆਂ ਹਨ।ਜਿਸ ਨਾਲ ਲਾਇਬ੍ਰੇਰੀਆਂ ਦੇ ਸਟਾਫ ਪੈਟਰਨ ਸਬੰਧੀ ਡਾਕਟਰ ਰੰਗਾਨਾਥਨ ਫਾਰਮੂਲਾ ਸਾਹਮਣੇ ਆਇਆ ਹੈ।ਜਿਸ ਅਨੁਸਾਰ ਸਭ ਤੋਂ ਛੋਟੀ ਲਾਇਬ੍ਰੇਰੀ ਜਿਸ ਨੂੰ ਰੰਗਾਨਾਥਨ ਫਾਰਮੂਲੇ ਵਿੱਚ ਬਲਾਕ ਲਾਇਬ੍ਰੇਰੀ ਦਰਸਾਇਆ ਗਿਆ ਹੈ, ਲਈ ਇਕ ਲਾਇਬ੍ਰੇਰੀਅਨ ਅਤੇ 2 ਹੋਰ ਕਰਮਚਾਰੀਆਂ ਦੀ ਤੈਨਾਤੀ ਦੀ ਸਿਫਾਰਿਸ਼ ਕੀਤੀ ਗਈ ਹੈ। ਨਗਰ ਨਿਗਮ ਵਲੋਂ ਜੋ ਲਾਇਬ੍ਰੇਰੀਆਂ ਬਣਾਈਆਂ ਗਈਆਂ ਹਨ ਉਹ ਕਾਫੀ ਛੋਟੇ ਪੱਧਰ ਦੀਆਂ ਹਨ, ਇਸ ਲਈ ਇੰਨ੍ਹਾਂ ਨੂੰ ਬਲਾਕ ਲਾਇਬ੍ਰੇਰੀ ਮੰਨਦੇ ਹੋਏ ਹਰੇਕ ਲਾਇਬ੍ਰੇਰੀ ਵਿਖੇ ਇਕ ਲਾਇਬ੍ਰੇਰੀਅਨ ਅਤੇ ਦੋ ਹੋਰ ਕਰਮਚਾਰੀਆਂ ਦੀ ਤੈਨਾਤੀ ਦੀ ਜਰੂਰਤ ਹੈ। ਇਥੇ ਦੱਸਣ ਯੋਗ ਹੈ ਕਿ ਉਕਤ ਤਜਵੀਜ ਲਾਇਬ੍ਰੇਰੀਅਨ ਦੀ ਆਸਾਮੀਆਂ ਦੀ ਰਚਨਾ ਕਰਨ ਦੀ ਹੈ।ਜੇਕਰ ਇੰਨ੍ਹਾਂ ਦੀ ਰਚਨਾ ਹੋ ਵੀ ਜਾਂਦੀ ਹੈ ਤਾਂ ਇੰਨ੍ਹਾਂ ਸਾਰੀਆਂ ਨੂੰ ਇਕੋ ਵਾਰ ਭਰਨ ਲਈ ਨਗਰ ਨਿਗਮ ਪਾਬੰਦ | |

| | | | | |
|---|---|---|---|---|
| | | | ਨਹੀਂ ਹੋ ਜਾਵੇਗਾ ਅਤੇ ਇੰਨ੍ਹਾਂ ਵਿੱਚੋਂ ਲੋੜ ਅਨੁਸਾਰ ਆਸਾਮੀਆਂ ਆਉਣ ਵਾਲੇ ਸਮੇਂ ਵਿੱਚ ਰੈਗੂਲਰ ਤੌਰ ਤੇ ਭਰੀਆਂ ਜਾ ਸਕਣਗੀਆਂ ਜਾਂ ਇੰਨ੍ਹਾਂ ਦੇ ਵਿਰੁੱਧ ਆਉਟਸੋਰਸ ਰਾਹੀਂ ਮੈਨਪਾਵਰ ਲੈਣ ਦਾ ਉਪਬੰਧ ਹੋ ਜਾਵੇਗਾ। ਇਸ ਲਈ ਇਹ ਤਜਵੀਜ਼ ਕਮਿਸ਼ਨਰ,ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਹਾਊਸ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ। | |
| 3 | 619 | 12.02.20 | **ਨਗਰ ਨਿਗਮ ਵਲੋਂ NITTTR ਚੰਡੀਗੜ੍ਹ ਰਾਹੀਂ ਦਰਜ਼ਾ 3 ਦੀ ਖਾਲੀ ਪਈਆਂ ਆਸਾਮੀਆਂ ਤੇ ਭਰਤੀ ਕਰਵਾਉਣ ਲਈ NITTTR ਚੰਡੀਗੜ੍ਹ ਤੋਂ ਪ੍ਰਾਪਤ ਪ੍ਰਪੋਜ਼ਲ ਸਬੰਧੀ।**<br><br>ਰਿਪੋਰਟ ਸੁਪਰਡੈਂਟ (ਅਮਲਾ) ਕਿ ਨਗਰ ਨਿਗਮ ਦੇ ਹਾਉਸ ਵਲੋਂ ਵਿਸ਼ੇ ਅਧੀਨ ਸਿੱਧੀ ਭਰਤੀ ਕਰਨ ਲਈ ਪ੍ਰਵਾਨ ਕੀਤੇ ਮਤਾ ਨੰ: 317 ਮਿਤੀ: 05-01-2018 ਨੂੰ ਸਰਕਾਰ ਵਲੋਂ ਪ੍ਰਵਾਨਗੀ ਮਿਲਣ ਉਪਰੰਤ ਨਗਰ ਨਿਗਮ ਵਲੋਂ ਪੱਤਰ ਨੰ: 2374 ਮਿਤੀ:17-07-2018 ਰਾਹੀਂ ਡਾਇਰੈਕਟਰ, NITTTR ਚੰਡੀਗੜ੍ਹ ਜੀ ਨੂੰ ਵਿਸ਼ੇ ਅਧੀਨ ਭਰਤੀ ਸਬੰਧੀ ਸਹਿਮਤੀ ਦੇਣ ਅਤੇ ਭਰਤੀ ਸਬੰਧੀ ਹੋਰ ਸ਼ਰਤਾਂ ਨਿਰਧਾਰਿਤ ਕਰਕੇ ਨਗਰ ਨਿਗਮ ਨੂੰ ਸੂਚਿਤ ਕਰਨ ਦੀ ਬੇਨਤੀ ਕੀਤੀ ਗਈ ਸੀ। ਇਸ ਉਪਰੰਤ NITTTR ਚੰਡੀਗੜ੍ਹ ਵਲੋਂ ਪੱਤਰ ਨੰ: NITTTR/DESC/151 ਮਿਤੀ: 31-08-2018 ਰਾਹੀਂ ਨਗਰ ਨਿਗਮ ਨੂੰ ਇਹ ਭਰਤੀ ਕਰਨ ਲਈ ਦਿੱਤੇ ਪ੍ਰਪੋਸਲ ਨੂੰ ਨਗਰ ਨਿਗਮ ਦੇ ਹਾਉਸ ਵਲੋਂ ਮਤਾ ਨੰ: 458 ਮਿਤੀ: 11-12-2018 ਰਾਹੀਂ ਪ੍ਰਵਾਨਗੀ ਦੇਣ ਤੋਂ ਇਲਾਵਾ ਪ੍ਰਾਰਥੀਆਂ ਤੋਂ ਲਈ ਜਾਣ ਵਾਲੀ ਫੀਸ ਅਤੇ ਹੋਰ ਕੁਝ ਫੈਸਲੇ ਲਏ ਗਏ ਸਨ ਜਿਸ ਨੂੰ ਸਰਕਾਰ ਵਲੋਂ ਪੱਤਰ ਨੰ: ਸ5-ਸਸ-ਮਸਸ-19-6226 ਮਿਤੀ: 06-02-2019 ਰਾਹੀਂ ਪ੍ਰਵਾਨਗੀ ਮਿਲਣ ਉਪਰੰਤ ਨਗਰ ਨਿਗਮ ਵਲੋਂ ਪੱਤਰ ਨੰ: 1488 ਮਿਤੀ: 27-06-2019 ਰਾਹੀਂ ਡਾਇਰੈਕਟਰ, NITTTR ਚੰਡੀਗੜ੍ਹ ਨੂੰ ਲਿਖਿਆ ਗਿਆ ਸੀ ਕਿ ਵਿਸ਼ੇ ਅਧੀਨ ਆਸਾਮੀਆਂ ਭਰਨ ਲਈ ਇਸ ਨਗਰ ਨਿਗਮ ਨਾਲ ਇਕਰਾਰਨਾਮਾ ਕੀਤਾ ਜਾਵੇ ਪ੍ਰੰਤੂ ਨਗਰ ਨਿਗਮ ਦੇ ਇਸ ਪੱਤਰ ਦੇ ਜਵਾਬ ਵਿੱਚ NITTTR ਚੰਡੀਗੜ੍ਹ ਵਲੋਂ ਪੱਤਰ ਨੰ: NITTTR/Mech. Engg./3663 ਮਿਤੀ: 25-07-2019 ਰਾਹੀਂ ਨਗਰ ਨਿਗਮ ਨੂੰ ਲਿਖਿਆ ਗਿਆ ਹੈ ਕਿ ਉਨ੍ਹਾਂ ਦੀ ਸੰਸਥਾਂ ਦੀ ਜਿਸ ਟੀਮ ਨੂੰ ਭਰਤੀ ਦਾ ਕੰਮ ਸੌਂਪਿਆ ਹੋਇਆ ਹੈ ਉਸ ਟੀਮ ਪਾਸ ਪਹਿਲਾਂ ਹੀ ਕਈ ਸਰਕਾਰੀ ਅਦਾਰਿਆਂ ਦੀ ਭਰਤੀ ਦਾ ਕੰਮ ਪ੍ਰਗਤੀ ਅਧੀਨ ਹੈ ਜੋ ਮਾਹ ਦਸੰਬਰ 2019 ਤੱਕ ਪੂਰਾ ਹੋਣ ਦੀ ਸੰਭਾਵਣਾ ਹੈ ਇਸ ਲਈ ਉਨ੍ਹਾਂ ਦੀ ਸੰਸਥਾਂ ਮਾਹ ਦਸੰਬਰ 2019 ਤੋਂ ਬਾਅਦ ਹੀ ਨਗਰ ਨਿਗਮ ਲਈ ਭਰਤੀ ਦੀ ਪ੍ਰੀਕ੍ਰਿਆ ਸ਼ੁਰੂ ਕਰ ਸਕਦੀ ਹੈ। NITTTR ਚੰਡੀਗੜ੍ਹ ਤੋਂ ਪ੍ਰਾਪਤ ਇਸ ਜਵਾਬ ਦੇ ਮੱਦੇ ਨਜ਼ਰ ਨਗਰ ਨਿਗਮ ਵਲੋਂ ਭਰਤੀ ਕਿਸੇ ਹੋਰ ਸੰਸਥਾਂ (ਥਾਪਰ ਯੂਨੀਵਰਸਿਟੀ, ਪਟਿਆਲਾ) ਤੋਂ ਕਰਵਾਉਣ ਦਾ ਵਿਚਾਰ ਕਰਦੇ ਹੋਏ ਇਸ ਸੰਸਥਾਂ ਨੂੰ ਮਿਤੀ: 07-08-2019 ਨੂੰ ਪੱਤਰ ਲਿਖਿਆ ਗਿਆ ਸੀ ਪ੍ਰੰਤੂ ਥਾਪਰ ਯੂਨੀਵਰਸਿਟੀ, ਪਟਿਆਲਾ ਵਲੋਂ ਆਪਣੇ ਪੱਤਰ ਨੰ: TIET/R/596ਮਿਤੀ: 20-08-2019 ਰਾਹੀਂ ਲਿਖਿਆ ਗਿਆ ਕਿ ਉਨ੍ਹਾਂ ਦੀ ਸੰਸਥਾਂ ਪਾਸ ਹੋਰ ਕੰਮਾਂ ਦੇ ਕਾਫੀ ਰੁਝੇਵੇ ਹਨ, ਇਸ ਲਈ ਉਹ ਨਗਰ ਨਿਗਮ ਲਈ ਭਰਤੀ ਦੀ ਪ੍ਰੀਕ੍ਰਿਆਂ ਕਰਨ ਵਿੱਚ ਅਸਮੱਰਥ ਹਨ। ਇੰਨ੍ਹਾਂ ਤਥਾਂ ਦੇ ਮੱਦੇ ਨਜ਼ਰ ਨਗਰ ਨਿਗਮ ਵਲੋਂ ਪੱਤਰ ਨੰ: 1975 ਮਿਤੀ: 04-09-2019 ਰਾਹੀਂ ਡਾਇਰੈਕਟਰ, NITTTR ਚੰਡੀਗੜ੍ਹ ਨੂੰ ਲਿਖਿਆ ਗਿਆ ਸੀ ਕਿ ਨਗਰ ਨਿਗਮ ਲਈ ਭਰਤੀ ਦੀ ਪ੍ਰੀਕ੍ਰਿਆ ਮਾਹ ਦਸੰਬਰ 2019 ਤੋਂ ਬਾਅਦ ਪਹਿਲ ਦੇ ਆਧਾਰ ਤੇ ਸ਼ੁਰੂ ਕਰ ਦਿੱਤੀ ਜਾਵੇ ਪ੍ਰੰਤੂ ਇਸ ਸੰਸਥਾ ਵਲੋਂ ਕੋਈ ਜਵਾਬ ਪ੍ਰਾਪਤ ਨਾ ਹੋਣ ਕਾਰਨ ਨਗਰ ਨਿਗਮ ਵਲੋਂ ਇਸ ਸੰਸਥਾ ਨੂੰ ਯਾਦ ਪੱਤਰ ਨੰ: 58 ਮਿਤੀ: 10-01-2020 ਲਿਖਕੇ ਭਰਤੀ ਦੀ ਪ੍ਰੀਕ੍ਰਆ ਜਲਦ ਸ਼ੁਰੂ ਕਰਨ ਦੀ ਬੇਨਤੀ ਕੀਤੀ ਗਈ। ਜਿਸ ਤੇ ਸਬੰਧ ਵਿੱਚ NITTTR ਚੰਡੀਗੜ੍ਹ ਵਲੋਂ ਆਪਣੇ ਪੱਤਰ ਨੰ: NITTTR/Mech/9451 ਮਿਤੀ: 24-01-2020 ਰਾਹੀਂ ਨਗਰ ਨਿਗਮ ਲਈ ਵਿਸ਼ੇ ਅਧੀਨ ਸਿੱਧੀ ਭਰਤੀ ਕਰਨ ਲਈ ਹੇਠ ਲਿਖੇ ਪ੍ਰਪੋਸਲ ਭੇਜਿਆ ਗਿਆ ਹੈ:- | ਸਰਬ ਸੰਮਤੀ ਨਾਲ ਪ੍ਰਵਾਨ ਕੀਤਾ ਗਿਆ ਕਿ ਭਰਤੀ ਸਬੰਧੀ ਨਿਟਰ ਵੱਲੋਂ ਤਿਆਰ ਕੀਤਾ ਜਾਣ ਵਾਲਾ ਲਿਖਤੀ ਪ੍ਰਸ਼ਨ ਪੱਤਰ ਦੋਨੋ ਭਸ਼ਾਵਾਂ ਵਿੱਚ (ਅੰਗਰੇਜ਼ੀ ਅਤੇ ਪੰਜਾਬੀ) ਵਿੱਚ ਛਪਵਾਇਆ ਜਾਵੇ।ਉਮੀਦਵਾਰ ਵੱਲੋਂ ਲਿਖਤੀ ਟੈਸਟ ਉਕਤ ਦੋਵੇਂ ਭਾਸ਼ਾਵਾਂ ਵਿੱਚੋਂ ਕਿਸੇ ਇੱਕ ਭਾਸ਼ਾ ਵਿੱਚ ਦਿੱਤਾ ਜਾ ਸਕਦਾ ਹੈ।<br>ਇਸ ਤੋਂ ਇਲਾਵਾ ਇਹ ਫੈਸਲਾ ਵੀ ਸਰਬ ਸੰਮਤੀ ਨਾਲ ਕੀਤਾ ਗਿਆ ਕਿ ਨਿਟਰ ਵੱਲੋਂ ਆਪਣੀ ਤਜਵੀਜ਼ ਵਿੱਚ ਭਰਤੀ ਕਰਨ ਲਈ ਜੋ ਚਾਰਜਿਜ ਨਗਰ ਨਿਗਮ ਤੋਂ ਲੈਣੇ ਨਿਰਧਾਰਤ ਕੀਤੇ ਗਏ ਹਨ, ਉਹਨਾ ਸਬੰਧੀ ਇਸ ਸੰਸਥਾ ਨਾਲ ਨੈਗੋਸੀਏਸ਼ਨ ਕਰਨ ਦੇ ਅਧਿਕਾਰ ਕਮਿਸ਼ਨਰ, ਨਗਰ ਨਿਗਮ ਜੀ ਨੂੰ ਦਿੱਤੇ ਜਾਂਦੇ ਹਨ।ਨਿਟਰ ਨਾਲ ਜੋ ਵੀ ਨੈਗੋਸੀਏਸ਼ਨ ਹੋਵੇਗੀ ਉਸ ਨਾਲ ਹਾਊਸ ਸਹਿਮਤ ਹੈ ਭਾਵ ਜੇਕਰ ਨਿਟਰ ਚਾਰਜ਼ਿਜ ਨਹੀਂ ਘਟਾਉਦਾ ਤਾਂ ਇਸ ਸੰਸਥਾ |

| | | | | | |
|---|---|---|---|---|---|
| | | | | a) The Institute will charge Rs.30/- per candidate for inviting online applications, maintaining the data base of all candidates, receipt of application fee (online and through bank challan) and reconciling the fee deposited by the candidated with the respective bank, preparation of list of candidates to be called for written tests, development of application software for the above purpose.<br>b) The Institute will charge Rs.298/- per candidate (upto a minimum of 2000 candidates per post) for conduct of recruitment tests for various posts. This will include:<br>i) Preparation and uploading online admit cards for recruitment tests.<br>ii) Printing of OMR answer sheets, Invigilation and video recording during recruitment test.<br>iii) Conduct of recruitment tests.<br>iv) Evaluation of OMR answer sheets and preparation of result of recruitment tests.<br>However, if the number of the candidates are less than 1000 for each of the advertised post, then a lumpsum amount of Rs.5.0 lakh (Plus G.S.T. @18%) per post will be charged.<br>c) The charges for printing of question paper will be Rs. 48/- per question paper.<br>d) The charges for setting of question paper will be Rs.48000/- per set per post as per the syllabus supplied by your organisation.<br>e) The G.S.T. @ 18% will be extra (or as applicable) on all the payments due to NITTTR Chandigarh.<br>f) For rechecking of the OMR answer booklet, an amount of Rs.500/- per booklet (excluding GST @18%) from the candidates shall be charged extra.<br>g) For conduct of skill test, the institute will be charging an amount of Rs.1000/- (plus GST @18%) per candidate (upto a minimum of 50 candidates per post). A weightage of 25% for skill test and 75% the recruitment test will be considered while preparing the final result for skill based technical posts. However, for typing test and Stenography test, the eligibility criteria/norms as adopted by Punjab Government will be followed.<br>h) In case, your department wants NITTTR to give the advertisement, then the institute will charge for as per DAVP rates plus 15% office expenses.<br>i) Syllabus for the recruitment tests shal be supplied by your organisation. Each question paper will contain 100 multiple choice items. The total duration of the test will be of 1.5 hours. The recruitment test will be in English. There is a negative marking in the question paper (0.25 marks will be deducted for each | ਵੱਲੋਂ ਦਿੱਤੀ ਗਈ ਤਜਵੀਜ਼ ਵਿੱਚ ਦਰਜ਼ ਚਾਰਜ਼ਿਜ ਅਨੁਸਾਰ ਹੀ ਭਰਤੀ ਕਰਵਾ ਲਈ ਜਾਵੇ । ਨੈਗੋਸੀਏਸ਼ਨ ਕਰਨ ਵਿੱਚ ਬਹੁਤਾ ਸਮਾਂ ਜਾਇਆ ਨਾ ਕੀਤਾ ਜਾਵੇ ਕਿਉਂਕਿ ਭਰਤੀ ਦੀ ਪ੍ਰੀਕਿਆ ਵਿੱਚ ਪਹਿਲਾਂ ਹੀ ਕਾਫੀ ਦੇਰੀ ਹੋ ਚੁੱਕੀ ਹੈ। ਭਰਤੀ ਜਲਦੀ ਤੋਂ ਜਲਦੀ ਕਰਵਾਈ ਜਾਵੇ। |

wrong answer). The recruitment test would be conducted at Chandigarh/Mohali only.

j) The result of the recuitment test (category wise) will be handed over to your organisation within two weeks of the conduct of recruitment test and skill test (if any).

k) The Institute will not responsible for any litigation, its charges etc. at any stage in the conduct of the recruitment tests and thereafter. The same if any will have to be borne by your organisation.

l) An advance payment of Rs.10 lakh in the form of Bank Draft/Local Cheque/RTGS in the name of Director, NITTTR, Chandigarh is payable at the time of the acceptance of terms and conditions for the conduct of recruitment tests. In addition, your organisation will release 50% of the total estimated payment on the closing date of receipt of applications. The process of conducting recruitment test will begin from the date of receipt of above payment. The balance payment will be made by your department to the institute at the time of the handing over the result of the said recruitment tests.

m) In case of cancelation / postponement after finalizing the date of the conduct of the said recuitment tests due to any eventuality, your organisation shall have to bear the expenditure incurred in the organisation of the said tests I n addition to institute service charges to the tune of Rs. 1 lakh + 18% GST.

n) The institute will maintain all records (including admit cards, attendace sheets, OMR answer sheets etc.) for a maximum period of only 3 months from the date of the conduct of recruitment test.

Commercial rates for various third parties services

A) Third party payment for : providing jammers by BEL, Panchkula at the rate of Rs 75 + 18% GST per candidate. Nitttr, Chandigarh will charge 10% as co-ordinating charges for Jammers by BEL, Panchkula.

B) Third Party payments for : setting up one telephone helpline @ Rs. 25,000/- per month + 18% GST. Nitttr, Chandigarh will charge 10% as coordinating charges for setting up one telephone helpline.

C) Third party payment for : web cam and biometric for capturing thumb impression and photograph at examination venue will be as per the quoted rates alongwith 10% coordinating charges.

ਉਕਤ ਸਬੰਧੀ ਦੱਸਣਯੋਗ ਹੈ ਕਿ ਨਿੱਟਰ ਵੱਲੋਂ ਭੇਜੀ ਉਕਤ ਤਜਵੀਜ ਇਸ ਸੰਸਥਾ ਤੋਂ ਮਿਤੀ 31/08/2018 ਨੂੰ ਭੇਜੀ ਤਜਵੀਜ ਜਿਸਨੂੰ ਨਗਰ ਨਿਗਮ ਦੇ ਹਾਉਸ ਵੱਲੋਂ ਮਤਾ ਨੰਬਰ 458 ਮਿਤੀ 11/12/2018 ਰਾਹੀਂ ਪ੍ਰਵਾਨਗੀ

ਦਿੱਤੀ ਗਈ ਸੀ ਤੋਂ ਕਾਫੀ ਅਲਗ ਹੈ। ਇਸ ਲਈ ਇਸਨੂੰ ਮੁੜ ਤੋਂ ਨਗਰ ਨਿਗਮ ਦੇ ਹਾਉਸ ਅੱਗੇ ਵਿਚਾਰ ਹਿੱਤ ਪੇਸ਼ ਕਰਨਾ ਜਰੂਰੀ ਹੈ।

ਨਿੱਟਰ ਤੋਂ ਪ੍ਰਾਪਤ ਉਕਤ ਤਜਵੀਜ ਅਨੁਸਾਰ ਨਿੱਟਰ ਵੱਲੋਂ ਪ੍ਰਤੀ ਅਸਾਮੀ ਤੇ ਭਰਤੀ ਦੀ ਕਾਰਵਾਈ ਕਰਨ ਲਈ ਅੰਦਾਜਨ 650/- ਰੁਪਏ ਪ੍ਰਤੀ ਉਮੀਦਵਾਰ ਖਰਚਾ ਆਉਣ ਦੀ ਸੰਭਾਵਨਾ ਹੈ। ਭਰੀਆਂ ਜਾਣ ਵਾਲੀਆਂ ਅਸਾਮੀਆਂ ਲਈ ਕਿੰਨੇ ਉਮੀਦਵਾਰਾਂ ਵੱਲੋਂ ਅਪਲਾਈ ਕੀਤਾ ਜਾਵੇਗਾ, ਦੱਸਣਾ ਮੁਸ਼ਕਲ ਹੋਣ ਕਾਰਨ ਇਹ ਦਸੱਣਾ ਮੁਸ਼ਕਲ ਹੈ ਕਿ ਉਮੀਦਵਾਰਾਂ ਵੱਲੋਂ ਜਮਾਂ ਕਰਵਾਈ ਜਾਣ ਵਾਲੀ ਫੀਸ ਤੋਂ ਨਗਰ ਨਿਗਮ ਨੂੰ ਕਿੰਨੀ ਰਕਮ ਪ੍ਰਾਪਤ ਹੋਵੇਗੀ ਜਦਕਿ ਨਿੱਟਰ ਤੋਂ ਪ੍ਰਾਪਤ ਉਕਤ ਤਜਵੀਜ ਅਨੁਸਾਰ ਨਿੱਟਰ ਨੂੰ ਲਗਭੱਗ 1.30 ਕਰੋੜ ਰੁਪਏ ਅਦਾ ਕਰਨੇ ਹੋਣਗੇ। ਇਹਨਾਂ ਤੱਥਾਂ ਦੇ ਮੱਦੇਨਜਰ ਨਗਰ ਨਿਗਮ ਵੱਲੋਂ ਸਬੰਧਤ ਅਸਾਮੀਆਂ ਲਈ ਦਰਖਾਸਤਾਂ ਦੇਣ ਵਾਲੇ ਉਮੀਦਵਾਰਾਂ ਤੋਂ ਪ੍ਰਾਪਤ ਕੀਤੀ ਜਾਣ ਵਾਲੀ ਫੀਸ ਦਾ ਫੈਸਲਾ ਕਰਨਾ ਜਰੂਰੀ ਹੈ। ਜਿਸ ਸਬੰਧੀ ਹੇਠ ਲਿਖੇ ਅਨੁਸਾਰ ਤਜਵੀਜ ਪੇਸ਼ ਕੀਤੀ ਜਾਂਦੀ ਹੈ :-

| Name of the Category | Online Application Charges | Examination Fee | Total |
|---|---|---|---|
| Scheduled Caste/ Scheduled Tribes of all states and Backward Classes of Punjab State only. | 350/- | 400/- | 750/- |
| Ex-Servicemen of Punjab state only | 350/- | 550/- | 900/- |
| All Others Categories (including Lineal Descendent of Ex-serviceman, Punjab) | 350/- | 1850/- | 2200/- |
| Person with Disablity, (Physical Handicapped) Punjab State only. | 350 | 950/- | 1300/- |

ਉਮੀਦਵਾਰਾਂ ਵੱਲੋਂ ਜਮਾਂ ਕਰਵਾਈ ਜਾਣ ਵਾਲੀ ਫੀਸ ਲਈ ਨਿੱਟਰ ਵੱਲੋਂ ਆਪਣੇ ਨਾਮ ਤੇ ਖਾਤਾ ਖੋਲਿਆ ਜਾਵੇਗਾ। ਜਿਸ ਵਿੱਚ ਉਮੀਦਵਾਰਾਂ ਵੱਲੋਂ ਜਮਾਂ ਕਰਵਾਈ ਜਾਣ ਵਾਲੀ ਸਾਰੀ ਫੀਸ ਜਮਾਂ ਹੋਵੇਗੀ। ਭਰਤੀ ਦੀ ਪ੍ਰੀਕ੍ਰਿਆ ਪੂਰੀ ਹੋਣ ਉਪਰੰਤ ਫੀਸ ਜਮਾਂ ਕਰਵਾਉਣ ਲਈ ਖੋਲੇ ਖਾਤੇ ਵਿੱਚ ਜਮਾਂ ਹੋਈ ਰਕਮ ਅਤੇ ਨਗਰ ਨਿਗਮ ਵੱਲੋਂ ਨਿੱਟਰ ਤੋਂ ਪ੍ਰਾਪਤ ਹੋਈ ਤਜਵੀਜ ਅਨੁਸਾਰ ਇਸ ਸੰਸਥਾ ਨੂੰ ਅਦਾ ਕੀਤੀ ਜਾਣ ਵਾਲੀ ਰਕਮ ਦਾ ਹਿਸਾਬ ਕਿਤਾਬ ਕੀਤਾ ਜਾਵੇਗਾ। ਜੇਕਰ ਉਮੀਦਵਾਰਾਂ ਤੋਂ ਪ੍ਰਾਪਤ ਹੋਈ ਫੀਸ ਨਿੱਟਰ ਨੂੰ ਉਹਨਾਂ ਦੀ ਤਜਵੀਜ ਅਨੁਸਾਰ ਅਦਾ ਕੀਤੀ ਜਾਣ ਵਾਲੀ

| | | | | |
|---|---|---|---|---|
| | | | ਰਕਮ ਤੋਂ ਘੱਟ ਹੋਵੇਗੀ ਤਾਂ ਬਾਕੀ ਦੀ ਰਕਮ ਨਗਰ ਨਿਗਮ ਵੱਲੋਂ ਆਪਣੇ ਫੰਡਾਂ ਵਿੱਚੋਂ ਨਿੱਟਰ ਨੂੰ ਜਮਾਂ ਕੀਤੀ ਜਾਵੇਗੀ ਅਤੇ ਜੇਕਰ ਉਮੀਦਵਾਰਾਂ ਵੱਲੋਂ ਸਬੰਧਤ ਖਾਤੇ ਵਿੱਚ ਜਮਾਂ ਕਰਵਾਈ ਰਕਮ ਨਗਰ ਨਿਗਮ ਵੱਲੋਂ ਨਿੱਟਰ ਨੂੰ ਅਦਾ ਕੀਤੀ ਜਾਣ ਵਾਲੀ ਰਕਮ ਤੋਂ ਵੱਧ ਹੋਵੇਗੀ ਤਾਂ ਵਾਧੂ ਦੀ ਰਕਮ ਨਿੱਟਰ ਵੱਲੋਂ ਨਗਰ ਨਿਗਮ ਨੂੰ ਟਰਾਂਸਫਰ/ ਅਦਾ ਕਰਨੀ ਹੋਵੇਗੀ।<br><br>ਉਕਤ ਤਜਵੀਜ ਭਾਵ ਲੋੜੀਂਦੀਆਂ ਅਸਾਮੀਆਂ ਤੇ ਭਰਤੀ ਨਿੱਟਰ, ਚੰਡੀਗੜ੍ਹ ਰਾਹੀਂ ਇਸ ਸੰਸਥਾ ਵੱਲੋਂ ਉਕਤ ਦਰਸਾਈ ਤਜਵੀਜ ਅਨੁਸਾਰ ਕਰਵਾਉਣ, ਇਸਤੇ ਆਉਣ ਵਾਲੇ ਖਰਚੇ ਅਤੇ ਉਮੀਦਵਾਰਾਂ ਤੋਂ ਪ੍ਰਾਪਤ ਕੀਤੀ ਜਾਣ ਵਾਲੀ ਦਰਖਾਸਤ ਫੀਸ ਨੂੰ ਪ੍ਰਵਾਨਗੀ ਦੇਣ ਹਿੱਤ ਰਿਪੋਰਟ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਹਾਉਸ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ। | |
| 4 | 620 | 12.02.20 | **ਸ੍ਰੀ ਕੁਲਜੀਤ ਸਿੰਘ ਪੁੱਤਰ ਸ੍ਰੀ ਸੋਹਨ ਲਾਲ, ਬੇਲਦਾਰ ਨਗਰ ਨਿਗਮ, ਲੁਧਿਆਣਾ ਦੀ ਬਦਲੀ ਨਗਰ ਨਿਗਮ, ਐਸ.ਏ.ਐਸ.ਨਗਰ ਵਿਖੇ ਕਰਨ ਸਬੰਧੀ।**<br><br>ਰਿਪੋਰਟ ਸੁਪਰਡੈਂਟ (ਅਮਲਾ) ਕਿ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਜੀ ਦੇ ਹੁਕਮ ਨੰ.ਸ1-ਡਸਸ-ਮਸਸ-19/499 ਮਿਤੀ 19/12/2019 ਰਾਂਹੀ ਸ੍ਰੀ ਕੁਲਜੀਤ ਸਿੰਘ ਪੁੱਤਰ ਸ੍ਰੀ ਸੋਹਨ ਲਾਲ, ਬੇਲਦਾਰ ਦੀ ਬਦਲੀ ਨਗਰ ਨਿਗਮ, ਲੁਧਿਆਣਾ ਤੋਂ ਨਗਰ ਨਿਗਮ,ਐਸ.ਏ.ਐਸ.ਨਗਰ ਵਿਖੇ ਕਰਦੇ ਹੋਏ ਲਿਖਿਆ ਗਿਆ ਹੈ ਕਿ ਇਸ ਕਰਮਚਾਰੀ ਦੀ ਬਦਲੀ ਸਬੰਧੀ ਮਤੇ ਆਦਿ ਦੀ ਲੋੜੀਂਦੀ ਪ੍ਰੀਕ੍ਰਿਆ ਪੂਰੀ ਕੀਤੀ ਜਾਵੇ।ਇਸ ਸਬੰਧੀ ਦੱਸਣ ਯੋਗ ਹੈ ਕਿ ਬੇਲਦਾਰ ਦੀ ਆਸਾਮੀ ਦਰਜ਼ਾ-4 ਦੀ ਗੈਰ-ਪ੍ਰਾਂਤੀਕਰਨ ਆਸਾਮੀ ਹੈ, ਜਿਸ ਦੀ ਨਿਯੁਕਤੀਕਰਤਾ ਅਥਾਰਟੀ ਨਗਰ ਨਿਗਮ ਹੈ।ਇਸ ਲਈ ਇਸ ਕਰਮਚਾਰੀ ਦੀ ਬਦਲੀ ਨਗਰ ਨਿਗਮ, ਲੁਧਿਆਣਾ ਤੋਂ ਇਸ ਨਗਰ ਨਿਗਮ ਵਿਖੇ ਕਰਨ ਸਬੰਧੀ ਰਿਪੋਰਟ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਹਾਊਸ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ। | ਸਰਬ ਸੰਮਤੀ ਨਾਲ ਪ੍ਰਵਾਨ ਹੈ। |
| 5 | 621 | 12.02.20 | **ਸ੍ਰੀ ਜਸਪਾਲ ਸਿੰਘ-1 ਪੁੱਤਰ ਸ੍ਰੀ ਪ੍ਰਤਾਪ ਸਿੰਘ, ਸਹਾਇਕ ਪੰਪ ਡਰਾਇਵਰ ਦੀ ਸੇਵਾ ਨਵਿਰਤੀ ਵਿੱਚ ਪਹਿਲੇ ਸਾਲ ਦਾ ਵਾਧਾ ਦੇਣ ਸਬੰਧੀ।**<br>ਰਿਪੋਰਟ ਸੁਪਰਡੰਟ (ਅਮਲਾ) ਕਿ ਦਫਤਰੀ ਰਿਕਾਰਡ ਅਨੁਸਾਰ ਸ੍ਰੀ ਜਸਪਾਲ ਸਿੰਘ-1 ਪੁਤੱਰ ਸ੍ਰੀ ਪ੍ਰਤਾਪ ਸਿੰਘ, ਸਹਾਇਕ ਪੰਪ ਡਰਾਇਵਰ, ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਦੀ ਜਨਮ ਮਿਤੀ 15/04/1962 ਨੂੰ ਹੈ। ਉਸਦੀ ਰਿਟਾਇਰਮੈਂਟ ਮਿਤੀ 30-04-2020 ਨੂੰ ਡਿਊ ਹੈ ਪ੍ਰੰਤੂ ਉਹ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਆਪਣੇ ਸੇਵਾਕਾਲ ਵਿੱਚ ਪਹਿਲੇ ਸਾਲ ਦਾ ਵਾਧਾ ਮਿਤੀ 01/05/2020 ਤੋਂ ਮਿਤੀ 30/04/2021 ਤੱਕ ਲੈਣਾ ਚਾਹੁੰਦਾ ਹੈ। ਉਸ ਵੱਲੋਂ ਸਰਕਾਰ ਦੁਆਰਾ ਨਿਰਧਾਰਤ ਪ੍ਰੋਫਾਰਮਾ ਅਨੈਕਸਚਰ-ੳ ਭਰਿਆ ਗਿਆ ਹੈ ਕਿ ਉਹ ਪੰਜਾਬ ਸਰਕਾਰ ਦੇ ਉਪਰੋਕਤ ਪੱਤਰ ਵਿੱਚ ਦਰਜ ਸਾਰੀਆਂ ਸ਼ਰਤਾਂ ਮੰਨਜੂਰ ਕਰਦਾ ਹੈ ਅਤੇ ਇਹਨਾਂ ਦੀ ਪਾਲਣਾ ਕਰਨ ਲਈ ਵਚਨਬੱਧ ਹੈ।<br>ਵੱਖ-ਵੱਖ ਬਰਾਂਚਾ ਦੀ ਰਿਪੋਰਟ ਅਨੁਸਾਰ ਸ੍ਰੀ ਜਸਪਾਲ ਸਿੰਘ-1 ਪੁਤੱਰ ਸ੍ਰੀ ਪ੍ਰਤਾਪ ਸਿੰਘ, ਸਹਾਇਕ ਪੰਪ ਡਰਾਇਵਰ, ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਦੇ ਵਿਰੁੱਧ ਕੋਈ ਵਿਭਾਗੀ, ਵਿਜੀਲੈਂਸ ਜਾਂ ਆਡਿਟ ਪੈਰ੍ਹਾ | ਸਰਬ ਸੰਮਤੀ ਨਾਲ ਰੂਲਾਂ ਅਨੁਸਾਰ ਪ੍ਰਵਾਨ ਹੈ। |

| | | | | |
|---|---|---|---|---|
| | | | ਆਦਿ ਲੰਬਿਤ ਨਹੀਂ ਹੈ ਅਤੇ ਇਸ ਕਰਮਚਾਰੀ ਦਾ ਕੰਮ-ਕਾਜ ਤਸੱਲੀਬਖਸ਼ ਹੈ। ਇਸ ਲਈ ਨਿਯਮਾਂ ਅਨੁਸਾਰ ਸ੍ਰੀ ਜਸਪਾਲ ਸਿੰਘ, ਸਹਾਇਕ ਪੰਪ ਅਪਰੇਟਰ ਦੇ ਸੇਵਾਕਾਲ ਵਿੱਚ ਮਿਤੀ 01/05/2020 ਤੋਂ ਮਿਤੀ 30/04/2021 ਤੱਕ ਪਹਿਲੇ ਸਾਲ ਦਾ ਵਾਧਾ ਕਰਨ ਲਈ ਕੇਸ ਮਾਨਯੋਗ ਕਮਿਸ਼ਨਰ ਜੀ ਦੀ ਪ੍ਰਵਾਨਗੀ ਉਪਰੰਤ ਹਾਊਸ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ। | |
| 6 | 622 | 12.02.20 | **ਨਗਰ ਨਿਗਮ ਦੇ ਦਰਜਾ-3 ਅਤੇ 4 ਕਰਮਚਾਰੀਆਂ ਦਾ ਪਰਖਕਾਲ ਦਾ ਸਮਾਂ ਤਸੱਲੀਬਖਸ਼ ਘੋਸ਼ਿਤ ਕਰਨ ਅਤੇ ਸੁਪਰਐਨੁਏਸ਼ਨ ਉਪਰੰਤ ਪਹਿਲੇ ਅਤੇ ਦੂਜੇ ਸਾਲ ਦਾ ਵਾਧਾ ਕਰਨ ਦੇ ਅਧਿਕਾਰ ਕਮਿਸ਼ਨਰ, ਨਗਰ ਨਿਗਮ ਜੀ ਨੂੰ ਦੇਣ ਸਬੰਧੀ।**<br><br>ਰਿਪੋਰਟ ਸੁਪਰਡੰਟ (ਅਮਲਾ) ਕਿ ਨਗਰ ਨਿਗਮ ਵਿਖੇ ਕੰਮ ਕਰਦੇ ਦਰਜਾ-3 ਅਤੇ 4 ਕਰਮਚਾਰੀਆਂ ਦੀਆਂ ਸੇਵਾਵਾਂ ਸਬੰਧੀ ਸਮਰੱਥ ਅਥਾਰਟੀ ਨਗਰ ਨਿਗਮ ਹੋਣ ਕਾਰਨ ਇੰਨ੍ਹਾਂ ਕਰਮਚਾਰੀਆਂ ਦੀਆਂ ਸੇਵਾਵਾਂ ਸਬੰਧੀ ਲਏ ਜਾਂਦੇ ਹੇਠ ਲਿਖੇ ਫੈਸਲਿਆ ਲਈ ਤਜੀਵਜ ਵਿਚਾਰ ਹਿੱਤ ਨਗਰ ਨਿਗਮ ਦੇ ਮਾਨਯੋਗ ਹਾਊਸ ਅੱਗੇ ਪੇਸ਼ ਕੀਤੀ ਜਾਂਦੀ ਹੈ ਅਤੇ ਹਾਊਸ ਵੱਲੋਂ ਮਤਿਆਂ ਸਬੰਧੀ ਲਏ ਗਏ ਫੈਸਲੇ ਨੂੰ ਸਰਕਾਰ ਨੂੰ ਭੇਜਿਆ ਜਾਂਦਾ ਹੈ:-<br><br>1) ਦਰਜਾ-3 ਅਤੇ 4 ਕਰਮਚਾਰੀਆਂ (ਸਮੇਤ ਸਫਾਈ ਸੇਵਕ) ਦੀ ਨਿਯੁਕਤੀ ਹੋਣ ਤੇ ਨਿਰਧਾਰਿਤ ਪਰਖਕਾਲ ਸਮਾਂ ਤਸੱਲੀਬਖਸ਼ ਘੋਸ਼ਿਤ ਕਰਨਾ।<br><br>2) ਦਰਜਾ-3 ਅਤੇ 4 ਕਰਮਚਾਰੀਆਂ (ਸਮੇਤ ਸਫਾਈ ਸੇਵਕ) ਦੀ ਸੁਪਰਐਨੁਏਸ਼ਨ ਉਪਰੰਤ ਉਨ੍ਹਾਂ ਦੇ ਸੇਵਾਕਾਲ ਵਿੱਚ ਸਰਕਾਰ ਵੱਲੋਂ ਨੋਟੀਫਿਕੇਸ਼ਨ ਨੰ: G.S.R.57/Const./Art.309/Amd./2015 ਮਿਤੀ 30.10.2015 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਪਹਿਲੇ ਅਤੇ ਦੂਜੇ ਸਾਲ ਦਾ ਵਾਧਾ ਕਰਨਾ।<br><br>ਮੌਜੂਦਾ ਸਮੇਂ ਕਰਮਚਾਰੀਆਂ ਨੂੰ ਉਕਤ ਲਾਭ ਦੇਣ ਲਈ ਅਪਣਾਈ ਜਾਂਦੀ ਪ੍ਰੀਕ੍ਰਿਆ ਵਿੱਚ ਦਫਤਰ ਵੱਲੋਂ ਤਜਵੀਜ ਪੇਸ਼ ਕਰਨਾ, ਕਮਿਸ਼ਨਰ ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਕੇਸ ਨਗਰ ਨਿਗਮ ਦੇ ਹਾਊਸ ਅੱਗੇ ਵਿਚਾਰ ਹਿੱਤ ਪੇਸ਼ ਕਰਨਾ ਅਤੇ ਨਗਰ ਨਿਗਮ ਦੇ ਹਾਊਸ ਵੱਲੋਂ ਲਏ ਫੈਸਲੇ ਨੂੰ ਸਰਕਾਰ ਨੂੰ ਭੇਜਣਾ ਸ਼ਾਮਿਲ ਹੈ।ਕਈ ਵਾਰ ਹਾਊਸ ਦੀ ਮੀਟਿੰਗ ਕਾਫੀ ਸਮਾਂ ਨਾ ਹੋਣ ਕਾਰਨ ਸਬੰਧਤ ਕਰਮਚਾਰੀਆਂ ਨੂੰ ਬਣਦੇ ਲਾਭ ਦੇਣ ਵਿੱਚ ਦੇਰੀ ਹੋ ਜਾਂਦੀ ਹੈ ਜਿਸ ਕਾਰਨ ਕਈ ਵਾਰ ਸੁਪਰਐਨੁਏਸ਼ਨ ਉਪਰੰਤ ਕੀਤੇ ਪਹਿਲੇ ਜਾਂ ਦੂਜੇ ਸਾਲ ਦਾ ਵਾਧਾ ਕਰਨ ਸਬੰਧੀ ਸਮੇਂ-ਸਿਰ ਲੋੜੀਂਦੇ ਹੁਕਮ ਜਾਰੀ ਨਹੀਂ ਹੋ ਪਾਂਦੇ। ਇਸ ਲਈ ਤਜਵੀਜ ਪੇਸ਼ ਕੀਤੀ ਜਾਂਦੀ ਹੈ ਕਿ ਨਗਰ ਨਿਗਮ ਵਿਖੇ ਕੰਮ ਕਰਦੇ ਦਰਜਾ-3 ਅਤੇ 4 ਕਰਮਚਾਰੀਆਂ (ਸਮੇਤ ਸਫਾਈ ਸੇਵਕ) ਦੀ ਨਿਯੁਕਤੀ ਹੋਣ ਤੇ ਨਿਰਧਾਰਤ ਪਰਖਕਾਲ ਸਮਾਂ ਤਸੱਲੀਬਖਸ਼ ਘੋਸ਼ਿਤ ਕਰਨ ਅਤੇ ਇਹਨਾਂ ਕਰਮਚਾਰੀਆਂ ਦੀ ਸੁਪਰਐਨੂਏਸ਼ਨ ਉਪਰੰਤ ਇੰਨ੍ਹਾਂ ਦੇ ਸੇਵਾਕਾਲ ਵਿੱਚ ਪਹਿਲੇ ਜਾਂ ਦੂਜੇ ਸਾਲ ਦਾ ਵਾਧਾ ਕਰਨ ਦੇ ਅਧਿਕਾਰ ਨਗਰ ਨਿਗਮ ਦੇ ਹਾਊਸ ਵੱਲੋਂ ਕਮਿਸ਼ਨਰ, ਨਗਰ ਨਿਗਮ ਜੀ ਨੂੰ | ਤਜਵੀਜ ਅਨੁਸਾਰ ਅਧਿਕਾਰ ਕਮਿਸ਼ਨਰ, ਨਗਰ ਨਿਗਮ ਨੂੰ ਸਰਬ ਸੰਮਤੀ ਨਾਲ ਦੇਣਾ ਪ੍ਰਵਾਨ ਕੀਤਾ ਜਾਂਦਾ ਹੈ। |

| | | | | |
|---|---|---|---|---|
| | | | ਦੇਣ ਲਈ ਕੇਸ ਨਗਰ ਨਿਗਮ ਦੇ ਹਾਊਸ ਅੱਗੇ ਵਿਚਾਰ ਅਤੇ ਯੋਗ ਹੁਕਮਾਂ ਹਿੱਤ ਪੇਸ਼ ਹੈ। | |
| 7 | 623 | 12.02.20 | **<u>ਪੰਜਾਬ ਮਿਉਂਸਪਲ ਬਿਲਡਿੰਗ ਬਾਈਲਾਜ਼ 2018 ਵਿੱਚ ਸਰਕਾਰ ਵੱਲੋਂ ਕੀਤੀਆਂ ਸੋਧਾਂ ਸਬੰਧੀ।</u>**<br><br>ਰਿਪੋਰਟ ਟਾਊਨ ਪਲਾਨਿੰਗ ਸ਼ਾਖਾ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਨੋਟੀਫਿਕੇਸ਼ਨ ਨੰ. ਸੀ.ਟੀ.ਪੀ. (ਐਲ.ਜੀ.)/2018/3548 ਮਿਤੀ 22/11/2018 ਰਾਹੀਂ ਪੰਜਾਬ ਮਿਉਂਸਪਲ ਬਿਲਡਿੰਗ ਬਾਈਲਾਜ਼ 2018 ਨੋਟੀਫਾਈ ਕੀਤੇ ਗਏ ਸਨ।ਹੁਣ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਨੋਟੀਫਿਕੇਸ਼ਨ ਨੰ: ਐਲ.ਜੀ./ਸੀ.ਟੀ.ਪੀ. (ਐਲ.ਜੀ.)/ 2019/3977 ਮਿਤੀ 31/12/2019 ਰਾਹੀਂ ਉਕਤ ਬਿਲਡਿੰਗ ਬਾਈਲਾਜ਼ ਵਿੱਚ ਕੁੱਝ ਸੋਧਾਂ ਕੀਤੀਆਂ ਗਈਆਂ ਹਨ, ਜੋ ਕਿ ਕਮਿਸ਼ਨਰ, ਨਗਰ ਨਿਗਮ ਜੀ ਰਾਹੀਂ ਹਾਊਸ ਦੀ ਜਾਣਕਾਰੀ ਹਿੱਤ ਪੇਸ਼ ਹਨ। | ਇਸ ਸਬੰਧੀ ਹਾਊਸ ਵਿੱਚ ਵਿਚਾਰ-ਵਟਾਂਦਰਾ ਕਰਨ ਉਪਰੰਤ ਸਰਬ-ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਨਗਰ ਨਿਗਮ, ਐਸ.ਏ.ਐਸ.ਨਗਰ ਦੀ ਹਦੂਦ ਅੰਦਰ ਆਉਂਦੇ ਪਿੰਡਾਂ ਦੀਆਂ ਆਬਾਦੀਆਂ ਲਈ ਹਾਊਸ ਦੇ ਮਤਾ ਨੰ: 595 ਮਿਤੀ 26.12.2019 ਦੀ ਪ੍ਰੋੜਤਾ ਕੀਤੀ ਜਾਂਦੀ ਹੈ। |
| 8 | 624 | 12.02.20 | **<u>Maintenances of Special park/General park in Sec 60,61,62 and Rose garden, Phase-3B2, Libary Park, Ph-7 & Silvi Park Sec-64 in S.A.S. Nagar. Zone-2.</u>**<br>**<u>Punjab Progressive Investor meet</u>**<br><br>ਰਿਪੋਰਟ ਇੰਜੀਨੀਅਰਿੰਗ ਸ਼ਾਖਾ (ਬਾਗਬਾਨੀ) ਕਿ ਨਗਰ ਨਿਗਮ ਵੱਲੋਂ ਆਪਣੇ ਵਰਕ ਆਰਡਰ ਨੰ: 27/49 ਮਿਤੀ 17-10-2018 ਰਾਂਹੀ ਉਕਤ ਕੰਮ New Janta International ਨੂੰ ਅਲਾਟ ਕੀਤਾ ਗਿਆ ਹੈ।ਪੰਜਾਬ ਸਰਕਾਰ ਵੱਲੋਂ ਮਿਤੀ 05-12-2019 ਅਤੇ 06-12-2019 ਨੂੰ IISER ਵਿਖੇ Punjab Progressive Investor meet ਕੀਤੀ ਜਾਣੀ ਸੀ।ਇਸ Punjab Progressive Investor meet ਵਿੱਚ ਦੇਸ਼ ਵਿਦੇਸ਼ ਦੀਆਂ ਵੱਡੀਆਂ ਕੰਪਨੀਆਂ ਵੱਲੋਂ ਹਿੱਸਾ ਲਿਆ ਜਾਣਾ ਸੀ। ਮੁੱਖ ਸਕੱਤਰ, ਪੰਜਾਬ ਸਰਕਾਰ ਜੀ ਵੱਲੋਂ ਉਕਤ ਸੜਕ ਨੂੰ ਸੁੰਦਰ/ਗਰੀਨਰੀ ਵੱਲੋਂ ਮੈਨਟੇਨ ਕਰਨ ਲਈ ਕਿਹਾ ਗਿਆ ਸੀ।<br>ਇਥੇ ਇਹ ਦੱਸਿਆ ਜ਼ਾਂਦਾ ਹੈ ਕਿ Bestech to Chandigarh entry Point ਕੋਲ center verge ਵਿਚੋ ਕੁਝ ਸ਼ਰਬ ਲੱਗਣੀਆਂ ਹਨ ਅਤੇ ਸੈਕਟਰ-48ਸੀ ਤੋਂ ਚੰਡੀਗੜ੍ਹ ਆਉਣ ਦੇ entry Point ਦੀ beautification ਕੀਤੀ ਜਾਣੀ | ਸਰਬ ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | ਸੀ। ਉਕਤ ਤਖਮੀਨੇ ਵਿੱਚ CSR ਆਈਟਮਾਂ ਦੀ Lum Sum ਪ੍ਰੋਵੀਜਨ ਕੀਤੀ ਗਈ ਹੈ, ਜੋ ਕਿ ਚੀਫ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਜੀ ਦੀ Technical Sanction ਅਨੁਸਾਰ ਤਖਮੀਨੈ ਵਿੱਚ Landscape ਘਾਹ ਸ਼ਰਬਾਂ ਦੀ ਮੈਨਟੀਨੈਂਸ ਆਦਿ ਅਤੇ ਸੀ.ਐਸ.ਆਰ ਦੀਆਂ ਆਇਟਮਾਂ ਦਾ ਕੰਮ ਉਚ ਅਧਿਕਾਰੀ ਤੋਂ ਪ੍ਰਵਾਨਗੀ ਲੈਣ ਉਪਰੰਤ ਹੀ ਕੀਤਾ ਜਾ ਸਕਦਾ ਹੈ। ਪੰਜਾਬ ਸਰਕਾਰ ਵੱਲੋਂ ਮਿਤੀ 05-12-2019 ਅਤੇ 06-12-2019 ਨੂੰ IISER ਵਿਖੇ ਕਰਵਾਈ ਗਈ Progressive Meet ਇੱਕ ਅੰਤਰਰਾਸ਼ਟਰੀ ਲੈਵਲ ਦਾ ਪ੍ਰੋਗਰਾਮ ਸੀ। ਇਸ ਲਈ ਸੈਕਟਰ-48ਸੀ ਤੋਂ ਚੰਡੀਗੜ੍ਹ ਆਣ ਦੇ entry Point ਦੀ beautification ਦਾ ਕੰਮ ਕਰਵਾਉਣ ਅਤਿ ਜਰੂਰੀ ਹੈ।<br>ਆਡਿਟ ਵੱਲੋਂ ਪ੍ਰੇਖਣ ਲਗਾਇਆ ਗਿਆ ਹੈ ਕਿ ਉਕਤ ਕੰਮ ਵਿੱਚੋਂ 10.00 ਲੱਖ ਰੁਪਏ ਸੈਕਟਰ-48ਸੀ ਤੋ ਚੰਡੀਗੜ੍ਹ ਆਣ ਦੇ entry Point ਦੀ beautification ਦਾ ਕੰਮ ਕਰਵਾਉਣ ਤੇ ਖਰਚਾ ਕੀਤਾ ਗਿਆ ਹੈ। ਇਸ ਲਈ ਉਕਤ ਕੰਮ ਦੀ ਪ੍ਰਸ਼ਾਸਕੀ ਪ੍ਰਵਾਨਗੀ ਸਮਰੱਥ ਅਧਿਕਾਰੀ ਪਾਸੋਂ ਪ੍ਰਾਪਤ ਕੀਤੀ ਜਾਵੇ।ਇਸ ਸਬੰਧੀ ਦੱਸਿਆ ਹੈ ਕਿ ਉਕਤ ਤਖਮੀਨੇ ਵਿਚ ਸੀ.ਐਸ.ਆਰ ਦੀਆਂ ਆਇਟਮਾਂ ਦੀ Lum Sum ਪ੍ਰੋਵੀਜਨ ਕੀਤੀ ਗਈ ਹੈ। ਇਸ ਲਈ ਉਕਤ ਕੰਮ ਮਾਨਯੋਗ ਕਮਿਸ਼ਨਰ ਜੀ ਦੀ ਮਿਤੀ: 30-10-2019 ਨੂੰ ਪ੍ਰਵਾਨਗੀ ਲੈਣ ਉਪਰੰਤ ਕਰਵਾਇਆ ਗਿਆ ਹੈ। ਉਕਤ ਕੰਮ ਦੀ ਅਦਾਇਗੀ ਏਜੰਸੀ ਨੂੰ ਸੀ.ਐਸ.ਆਰ./ਅਲਾਟਡ ਰੇਟਾਂ ਤੇ ਅਧਾਰ ਤੇ ਅਲਾਟਡ ਰਕਮ ਵਿੱਚੋਂ ਹੀ ਕੀਤੀ ਜਾਣੀ ਹੈ।<br>ਸੋ ਉਕਤ ਮੁਤਾਬਿਕ ਅੰਤਰਰਾਸ਼ਟਰੀ Punjab Progressive Investor meet ਦੇ ਮੱਦੇ ਨਜ਼ਰ beautification ਦੇ ਕੰਮ ਨੂੰ ਮੁੱਖ ਰੱਖਦੇ ਇਹ ਕਰਵਾਇਆ ਗਿਆ ਹੈ। ਇਸ ਲਈ ਆਡਿਟ ਦੇ ਪ੍ਰੇਖਣ ਅਨੁਸਾਰ ਕਰਵਾਏ ਗਏ ਕੰਮ ਦੀ ਕਾਰਜ ਬਾਅਦ ਪ੍ਰਸ਼ਾਸਕੀ ਪ੍ਰਵਾਨਗੀ ਲੈਣ ਲਈ ਰਿਪੋਰਟ ਨਗਰ ਨਿਗਮ ਦੇ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। | |
| 9 | 625 | 12.02.20 | **ਗਿੱਲਾ ਅਤੇ ਸੁੱਕਾ ਕੂੜਾ ਅਲੱਗ-ਅਲੱਗ ਕਰਨ ਵਾਲੇ ਸਕੂਲ ਦੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਸਬੰਧੀ।**<br><br>ਰਿਪੋਰਟ ਸੈਨੀਟੇਸ਼ਨ ਸ਼ਾਖਾ ਕਿ ਵਿਸ਼ੇ ਸਬੰਧੀ ਸੋਰਸ ਸੈਗਰੀਗੇਸ਼ਨ ਦਾ ਕੰਮ 100% ਅਮਲ ਵਿੱਚ ਲਿਆਉਣ ਦੀ ਆਖਰੀ ਮਿਤੀ 31.03.2020 ਹੈ। ਇਸ ਲਈ ਕਮਿਸ਼ਨਰ, ਨਗਰ ਨਿਗਮ, ਐਸ.ਏ.ਐਸ.ਨਗਰ ਜੀ ਵੱਲੋਂ ਜੁਬਾਨੀ ਹੁਕਮ ਕੀਤੇ ਹਨ ਕਿ ਸੋਰਸ ਸੈਗਰੀਗੇਸ਼ਨ ਦੇ ਕੰਮ ਨੂੰ 100% ਕਰਵਾਇਆ ਜਾਵੇ ਅਤੇ ਗਿੱਲਾ ਅਤੇ ਸੁੱਕਾ ਕੂੜਾ ਅਲੱਗ-ਅਲੱਗ ਕਰਨ ਦੀ ਮੁਹਿੰਮ ਨੂੰ ਹੁਲਾਰਾ ਦੇਣ ਲਈ ਸਕੂਲ ਵਿਦਿਆਰਥੀਆਂ ਨੂੰ ਉਤਸਾਹਿਤ ਕੀਤਾ ਜਾਵੇ।<br>ਇਥੇ ਤਜਵੀਜ ਕੀਤਾ ਜਾਂਦਾ ਹੈ ਕਿ ਸਕੂਲਾਂ ਵਿੱਚ ਹੋਮ ਕੰਪੋਸਟਿੰਗ ਅਤੇ ਸੋਰਸ ਸੈਗਰੀਗੇਸ਼ਨ ਸਬੰਧੀ ਮੁਕਾਬਲਾ ਕਰਵਾਇਆ ਜਾਵੇਗਾ ਅਤੇ ਜਿਹੜੇ ਵਿਦਿਆਰਥੀਆਂ ਦੇ ਘਰਾਂ ਵਿੱਚ ਹੋਮ ਕੰਪਸੋਟਿੰਗ ਹੁੰਦੀ ਹੈ, ਉਸ ਸਬੰਧੀ ਨਗਰ ਨਿਗਮ ਦੀ ਟੀਮ ਵੱਲੋਂ ਉਸ ਘਰ ਦਾ ਮੌਕਾ ਚੈਕ ਕਰਕੇ ਉਸ ਵਿਦਿਆਰਥੀ ਨੂੰ 200/-ਰੁਪਏ ਨਕਦ ਇਨਾਮ ਅਤੇ ਪ੍ਰਸ਼ੰਸਾ ਪੱਤਰ ਦਿੱਤੇ ਜਾਣਗੇ। ਜਿਹੜੇ ਵਿਦਿਆਰਥੀਆਂ ਦੇ ਘਰਾਂ ਵਿੱਚ ਗਿੱਲਾ ਅਤੇ ਸੁੱਕਾ ਕੂੜਾ ਅਲੱਗ-ਅਲੱਗ ਕੀਤਾ ਜਾਂਦਾ | ਸਰਬ ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | ਹੈ ਉਹਨਾਂ ਦੀ ਰੈਕਿੰਗ ਕੀਤੀ ਜਾਵੇਗੀ ਅਤੇ ਹਰ ਸਕੂਲ ਵਿੱਚੋਂ ਟੌਪ 20 ਆਉਣ ਵਾਲੇ ਵਿਦਿਆਰਥੀਆਂ ਨੂੰ 200/-ਰੁਪਏ ਪ੍ਰਤੀ ਵਿਦਿਆਰਥੀ ਨਕਦ ਇਨਾਮ ਅਤੇ ਪ੍ਰਸ਼ੰਸਾ ਪੱਤਰ ਦਿੱਤੇ ਜਾਣਗੇ।<br>ਉਕਤ ਤਜਵੀਜ ਦੀ ਪ੍ਰਵਾਨਗੀ ਕਮਿਸ਼ਨਰ, ਨਗਰ ਨਿਗਮ ਜੀ ਦੀ ਉਪਰੰਤ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ। | |
| 10 | 626 | 12.02.20 | **ਸ਼ਹਿਰੀ ਵਾਤਾਵਰਣ ਸੁਧਾਰ ਪ੍ਰੋਗਰਾਮ ਅਧੀਨ ਆਏ 13 ਕੰਮਾਂ ਦੇ 54.11 ਲੱਖ ਰੁਪਏ ਸਮੇਤ ਵਿਆਜ ਦੀ ਰਕਮ PIDB ਨੂੰ ਵਾਪਿਸ ਕਰਨ ਸਬੰਧੀ।**<br>ਰਿਪੋਰਟ ਇੰਜੀਨੀਅਰਿੰਗ ਸ਼ਾਖਾ ਕਿ ਵਿਸੇ ਸਬੰਧੀ ਦੱਸਿਆ ਜ਼ਾਦਾ ਹੈ ਕਿ ਨਗਰ ਨਿਗਮ ਵੱਲੋਂ ਸ਼ਹਿਰੀ ਵਾਤਾਵਰਣ ਸੁਧਾਰ ਪ੍ਰੋਗਰਾਮ ਅਧੀਨ ਕੁੱਲ 46 ਕੰਮਾਂ ਦੇ ਤਖਮੀਨੇ ਤਿਆਰ ਕਰਕੇ ਇਸ ਦਫ਼ਤਰ ਦੇ ਪੱਤਰ ਨੰ: 82 ਮਿਤੀ: 15-02-2019 ਰਾਂਹੀ ਡਿਪਟੀ ਕਮਿਸ਼ਨਰ, ਐਸ.ਏ.ਐਸ ਨਗਰ ਜੀ ਨੂੰ ਪ੍ਰਵਾਨਗੀ ਲਈ ਭੇਜੇ ਗਏ ਸਨ। ਮੁੱਖ ਇੰਜੀਨੀਅਰ (ਟਰੱਸਟ) ਜੀ ਦੇ ਪੱਤਰ ਨੰ: CE(IT)2019/10239 Dt: 25-02-2019 ਰਾਂਹੀ 46 ਕੰਮਾ (ਪ੍ਰਵਾਨਤ Cost 1209.62) ਵਿੱਚੋਂ ਕੁੱਲ 13 ਕੰਮਾਂ ਦੇ ਤਖਮੀਨੇ (Project Cost 218.20 lacs) ਦੀ ਤਕਨੀਕੀ ਵੈਟਿੰਗ ਕੀਤੀ ਗਈ ਸੀ। ਵਧੀਕ ਡਿਪਟੀ ਕਮਿਸ਼ਨਰ ਵੱਲੋਂ ਉਕਤ 13 ਕੰਮਾਂ ਦੇ ਵਿਰੁੱਧ 25% ਰਾਸ਼ੀ ਅਨੁਸਾਰ 54.11 ਲੱਖ ਰੁਪਏ ਪੱਤਰ ਨੰ: 7287 ਮਿਤੀ 11-09-2019 ਰਾਂਹੀ ਜਾਰੀ ਕੀਤੇ ਗਏ ਸਨ। ਨਗਰ ਨਿਗਮ ਦੀ ਹਾਊਸ ਦੀ ਮੀਟਿੰਗ ਦਾ ਮਤਾ ਨੰ: 551 ਮਿਤੀ: 10-09-2019 ਰਾਂਹੀ ਉਕਤ 13 ਕੰਮਾਂ ਨੂੰ ਸ਼ਹਿਰੀ ਵਾਤਾਵਰਣ ਸੁਧਾਰ ਪ੍ਰੋਗਰਾਮ ਅਧੀਨ ਕਰਵਾਉਣ ਦੀ ਸਰਬ ਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ ਹੈ।ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ,ਪੰਜਾਬ ਜੀ ਦੇ ਪੱਤਰ ਨੰ: ਸ5-ਡਸਸ-ਮਸਸ-19/ 46128 ਮਿਤੀ 16-10-2019 ਰਾਂਹੀ ਮਤਾ ਪਾਸ ਕੀਤਾ ਗਿਆ ਸੀ।ਜਿਸ ਉਪਰੰਤ ਇਸ ਦਫ਼ਤਰ ਦੇ ਟੈਂਡਰ ਨੋਟਿਸ ਨੰ: 2063 ਮਿਤੀ: 17-09-2019 ਰਾਂਹੀ ਟੈਂਡਰ ਕਾਲ ਕੀਤੇ ਗਏ ਸਨ।ਮਾਨਯੋਗ ਡਿਪਟੀ ਕਮਿਸ਼ਨਰ, ਐਸ.ਏ.ਐਸ ਨਗਰ ਜੀ ਦੇ ਪੱਤਰ ਨੰ: 7607 ਮਿਤੀ: 14-10-2019 ਰਾਂਹੀ ਫੈਸਲਾ ਲਿਆ ਗਿਆ ਕਿ **"ਇਨ੍ਹਾ 46 ਕੰਮਾ ਨੂੰ ਕਾਰਪੋਰੇਸ਼ਨ, ਐਸ.ਏ.ਐਸ ਨਗਰ ਤੋ ਲੈ ਕੇ ਕਾਰਜਕਾਰੀ ਇੰਜੀਨੀਅਰ ਪੀ.ਡਬਲਿਊ.ਡੀ ਨੂੰ ਦਿੱਤੇ ਜਾਂਦੇ ਹਨ।ਕਾਰਪੋਰੇਸ਼ਨ ਵੱਲੋਂ ਲਗਾਏ ਗਏ 13 ਕੰਮਾਂ ਦੇ ਟੈਂਡਰ ਰੱਦ ਕੀਤੇ ਜਾਂਦੇ ਹਨ ਅਤੇ ਕਾਰਜਕਾਰੀ ਇੰਜੀਨੀਅਰ ਪੀ.ਡਬਲਿਊ.ਡੀ ਵੱਲੋਂ ਦੁਬਾਰਾ ਟੈਂਡਰ ਲਗਾਏ ਜਾਣ।"** ਇਸ ਉਪਰੰਤ ਮੇਅਰ, ਨਗਰ ਨਿਗਮ ਜੀ ਦੇ ਪੱਤਰ ਨੰ: 440 ਮਿਤੀ 21-10-2019 ਰਾਂਹੀ ਮਾਨਯੋਗ ਡਿਪਟੀ ਕਮਿਸ਼ਨਰ ਸਾਹਿਬ ਜੀ ਨੂੰ ਇਹ ਟੈਂਡਰ ਰੱਦ ਕਰਨ ਤੇ ਮੁੜ ਤੋ ਵਿਚਾਰ ਕਰਨ ਦੀ ਬੇਨਤੀ ਕੀਤੀ ਗਈ ਹੈ।ਇਥੇ ਇਹ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਵੱਲੋਂ ਇਹਨਾਂ 13 ਕੰਮਾਂ ਦੇ ਟੈਂਡਰਾਂ ਸਬੰਧੀ ਅਜੇ ਤੱਕ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ ਹੈ।<br>ਇਥੇ ਇਹ ਦੱਸਿਆ ਜ਼ਾਦਾ ਹੈ ਕਿ ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਐਸ.ਏ.ਐਸ ਨਗਰ ਜੀ ਦਾ ਪਿੱਠ ਅੰਕਣ ਨੰ: 15 ਮਿਤੀ 01-01-2020 ਪੱਤਰ ਪ੍ਰਾਪਤ ਹੋਇਆ ਹੈ ਜਿਸ ਵਿੱਚ ਲਿਖਿਆ ਗਿਆ ਹੈ ਕਿ ਉਹਨਾਂ ਦੇ ਦਫ਼ਤਰ ਦੇ ਪੱਤਰ ਨੰ: 7287 ਮਿਤੀ 11-9-2019 ਰਾਂਹੀ ਭੇਜੇ ਗਏ 54.11 ਲੱਖ ਰੁਪਏ ਅਤੇ ਵਿਆਜ ਦੀ ਰਾਸ਼ੀ | ਇਸ ਤਜਵੀਜ ਸਬੰਧੀ ਹਾਊਸ ਵਿੱਚ ਵਿਚਾਰ-ਵਟਾਂਦਰਾ ਕੀਤਾ ਗਿਆ ਕਿ ਇਹਨਾਂ 13 ਕੰਮਾ ਦੇ ਟੈਂਡਰ, ਟੈਂਡਰ ਨੋਟਿਸ ਨੰ: 2063 ਮਿਤੀ 17.09.2019 ਨੂੰ ਲਗਾਏ ਜਾ ਚੁੱਕੇ ਹਨ ਜੋ ਕਿ ਮਿਤੀ 14.10.2019 ਨੂੰ ਖੋਲੇ ਜਾਣੇ ਸਨ, ਪ੍ਰੰਤੂ ਡਿਪਟੀ ਕਮਿਸ਼ਨਰ, ਐਸ.ਏ.ਐਸ. ਨਗਰ ਜੀ ਵੱਲੋਂ ਮੀਟਿੰਗ ਮਿਤੀ 03.10.2019 ਵਿੱਚ ਕੀਤੇ ਗਏ ਫੈਸਲੇ ਅਨੁਸਾਰ ਇਨਵੈਸਟਮੈਂਟ ਸਮਿੱਟ ਨੂੰ ਮੁੱਖ ਰੱਖਦੇ ਹੋਏ ਇਹ ਕੰਮ ਨਗਰ ਨਿਗਮ ਤੋਂ ਲੈਕੇ ਪੀ.ਡਬਲਯੂ.ਡੀ. ਵਿਭਾਗ ਨੂੰ ਦੇਣ ਦਾ ਫੈਸਲਾ ਕੀਤਾ ਗਿਆ, ਇਹਨਾਂ ਆਦੇਸ਼ਾ ਦੀ ਪਾਲਣਾ ਵਿੱਚ ਨਗਰ ਨਿਗਮ ਦੇ ਅਧਿਕਾਰੀਆਂ ਵੱਲੋਂ ਇਹਨਾਂ ਕੰਮਾਂ ਨੂੰ ਰੋਕ ਦਿੱਤਾ ਗਿਆ। ਇਸ ਸਬੰਧੀ ਮੇਅਰ, ਨਗਰ ਨਿਗਮ ਜੀ ਵੱਲੋਂ ਆਪਣੇ ਪੱਤਰ ਮਿਤੀ 21.10.2019 ਰਾਹੀਂ ਡਿਪਟੀ ਕਮਿਸ਼ਨਰ, ਐਸ.ਏ. |

ਸ਼ਹਿਰੀ ਵਾਤਾਵਰਣ ਸੁਧਾਰ ਪ੍ਰੋਗਰਾਮ ਅਧੀਨ PIDB ਨੂੰ ਵਾਪਿਸ ਕਰਕੇ ਉਹਨਾਂ ਦੇ ਦਫ਼ਤਰ ਨੂੰ ਸੂਚਿਤ ਕੀਤਾ ਜਾਵੇ।

| **Sr. no.** | **Name of the Estimate** | **Est. cost. (In Lacs)** |
|---|---|---|
| 1) | R/C Estimate for P/L of paver block in Police Colony in Ward no. 23 Ph-8, Sec-62, Mohali. | 21.01 |
| 2) | R/C Estimate for laying of 25mm SDBC in Police Colony in Ward no. 23 Ph-8, Sec-62, Mohali S.A.S Nagar. | 4.40 |
| 3) | P/L SDBC in Phase-9 parking Ep. PCA Stadium Back side. | 31.37 |
| 4) | laying of SDBC on different streets of Commando Complex Ph-11. | 23.71 |
| 5) | Laying of SDBC on different streets of Sec-66, Near Mandi Board Colony ward no. 27 | 3.98 |
| 6) | P/L SDBC in Ph-10 Market. | 41.67 |
| 7) | P/L of BM and SDBC in Police Colony Ind: area Ph-1 S.A.S Nagar. | 2.62 |
| 8) | Providing and fixing of LED Street lights Park light Commando Complex Ph-11 | 7.01 |
| 9) | Repair of Cable and fixing of LED Street lights in Police Colony Ind. area Ph-1 S.A.S Nagar. | 2.51 |
| 10) | Providing and fixing of Park lights near kali Mata Mandir Ph-6, Main road SAS Nagar. | 2.18 |
| 11) | Providing and fixing park lights phirni of Village Mandanpura back side HIG Flats Ph-2, SAS Nagar. | 3.45 |
| 12) | Development of park near kali Mata Mandir Phase-6 main road S.A.S Nagar. | 26.25 |
| 13) | Development of park on Phirni of Village Mandanpura back side HIG Flats Ph-2, SAS Nagar. | 71.07 |

ਐਸ. ਨਗਰ ਜੀ ਨੂੰ ਇਸ ਫੈਸਲੇ ਤੇ ਮੁੜ ਵਿਚਾਰ ਕਰਨ ਲਈ ਲਿਖਤੀ ਬੇਨਤੀ ਕੀਤੀ ਗਈ ਕਿ ”ਮੌਜੂਦਾ ਸਥਿਤੀ ਅਨੁਸਾਰ ਜੇਕਰ ਹੁਣ ਇਹ ਕੰਮ ਪੀ.ਡਬਲਯ.ਡੀ. ਵਿਭਾਗ ਨੂੰ ਦਿੱਤੇ ਜਾਂਦੇ ਹਨ ਤਾਂ ਇਸ ਪ੍ਰੋਸੈਸ ਨੂੰ ਕਰਨ ਵਿੱਚ ਲੱਗਭੱਗ 1 ਤੋਂ ਡੇਢ ਮਹੀਨੇ ਦਾ ਸਮਾਂ ਲੱਗ ਸਕਦਾ ਹੈ, ਜਦੋਂ ਕਿ ਸਰਕਾਰ ਵੱਲੋਂ ਇਨਵੈਸਟਮੈਂਟ ਸਮਿੱਟ ਦਾ ਪ੍ਰੋਗਰਾਮ ਮਿਤੀ 5, 6-12-2019 ਦਾ ਰੱਖਿਆ ਗਿਆ ਹੈ, ਉਦੋਂ ਤੱਕ ਪੀ.ਡਬਲਯ. ਡੀ ਵਿਭਾਗ ਵੱਲੋਂ ਇਹ ਕੰਮ ਨੇਪਰੇ ਚਾੜਣੇ ਸੰਭਵ ਨਹੀਂ ਹੋਣਗੇ ਜਦੋਂ ਕਿ ਨਗਰ ਨਿਗਮ ਵੱਲੋਂ ਪ੍ਰਾਪਤ ਹੋਏ ਟੈਂਡਰਾਂ ਨੂੰ ਖੋਲਣ ਉਪਰੰਤ ਠੇਕੇਦਾਰਾਂ ਨੂੰ ਕੰਮ ਅਲਾਟ ਕਰ ਦਿੱਤਾ ਜਾਵੇਗਾ ਅਤੇ ਕੰਮ ਤੁਰੰਤ ਹੀ ਸ਼ੁਰੂ ਹੋ ਜਾਣਗੇ ਅਤੇ ਇਨਵੈਸਟਮੈਂਟ ਸਮਿੱਟ ਦੀ ਨਿਰਧਾਰਤ ਮਿਤੀ ਤੋਂ ਪਹਿਲਾਂ-ਪਹਿਲਾਂ ਕੰਮ ਕਰਵਾ ਕੇ ਸ਼ਹਿਰ ਦੀ ਦਿੱਖ ਨੂੰ ਸੁੰਦਰ ਬਣਾਇਆ ਜਾਵੇਗਾ”। ਨਗਰ ਨਿਗਮ ਦਾ ਇਸ ਵਿੱਚ ਕੋਈ ਕਸੂਰ ਨਹੀਂ ਹੈ। ਤਜਵੀਜ

| | | | | |
|---|---|---|---|---|
| | | | **Total** \| **241.23** \|<br><br>ਸੋ ਉਕਤ 13 ਕੰਮਾਂ ਨੂੰ ਰੱਦ ਕਰਨ ਅਤੇ ਸ਼ਹਿਰੀ ਵਾਤਾਵਰਣ ਸੁਧਾਰ ਪ੍ਰੋਗਰਾਮ ਅਧੀਨ 54.11 ਲੱਖ ਰੁਪਏ ਸਮੇਤ ਵਿਆਜ ਦੀ ਰਕਮ PIDB ਨੂੰ ਵਾਪਿਸ ਲਈ ਯੋਗ ਫੈਸਲਾ ਲੈਣ ਲਈ ਰਿਪੋਰਟ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ। | ਪੜਨ ਉਪਰੰਤ ਹਾਊਸ ਵੱਲੋਂ ਬਹੁ-ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਨਗਰ ਨਿਗਮ ਵੱਲੋਂ ਉਕਤ 13 ਕੰਮਾਂ ਸਬੰਧੀ ਸਾਰਾ ਟੈਂਡਰ ਪ੍ਰੋਸੈਸ ਆਦਿ ਮੁਕੰਮਲ ਹੋ ਚੁੱਕਾ ਹੈ, ਇਸ ਲਈ ਇਹ ਰਾਸ਼ੀ ਵਾਪਿਸ ਭੇਜਣ ਦੀ ਬਜਾਏ ਇਹ ਕੰਮ ਨਗਰ ਨਿਗਮ ਤੋਂ ਹੀ ਕਰਵਾਉਣ ਲਈ ਕਮਿਸ਼ਨਰ, ਨਗਰ ਨਿਗਮ ਵੱਲੋਂ ਡਿਪਟੀ ਕਮਿਸ਼ਨਰ, ਐਸ.ਏ. ਐਸ.ਨਗਰ ਜੀ ਨੂੰ ਬੇਨਤੀ ਕੀਤੀ ਜਾਵੇ। |
| 11 | 627 | 12.02.20 | **ਨਗਰ ਨਿਗਮ ਦੇ ਮੌਜੂਦਾ ਡੰਪਿੰਗ ਗਰਾਂਉਂਡ ਦੀ ਰੈਮੀਡੇਸ਼ਨ ਕਰਨ ਸਬੰਧੀ।**<br>ਰਿਪੋਰਟ ਇੰਜੀਨੀਅਰਿੰਗ ਸ਼ਾਖਾ ਕਿ ਨੈਸ਼ਨਲ ਗਰੀਨ ਟ੍ਰਿਬਿਊਨਲ ਦੇ OA 606 ਵਿੱਚ ਮਿਤੀ 10.01.2020 ਵਿੱਚ ਦਿੱਤੇ ਗਏ ਫੈਸਲੇ ਅਨੁਸਾਰ ਪੈਰ੍ਹਾ 36(ਬੀ) ਵਿੱਚ ਹੇਠ ਲਿਖੇ ਅਨੁਸਾਰ ਹੁਕਮ ਜਾਰੀ ਕੀਤੇ ਗਏ ਹਨ :-<br>Legacy waste remediation was to commence from 01.11.2019 in terms of order of this Tribunal dated 17.07.2019 in O.A. No. 519/2019 para 28[53] even though statutory timeline for completing the said step is till 07.04.2021 ( as per serial no 11 in Rule 22), which direction remains unexecuted at most of the places. Continued failure of every Local Body on the subject commencing the work of legacy waste sites remediation from 01.042020 till complaince will result in liablility to pay compensation at the rate of Rs. 10 | ਸਰਬ ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | Lac per month per Local Body for population of above 10 Lacs, Rs.5 Lacs per month per Local Body for population between 5 Lac and 10 Lacs and Rs. 1 Lac per month per other Local Body. If the Local Bodies are unable to bear financial burden, the liability will be of the State Governments with liberty to take remedial action against the erring Local Bodies. Apart from compensation, adverse entried and other senior functionaries in Department of Urban Development etc. who are responsible for complaince of order of this Tribunal.<br>ਸੋ ਉਕਤ ਨੂੰ ਧਿਆਨ ਵਿੱਚ ਰੱਖਦੇ ਹੋਏ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਦੇ ਮੌਜੂਦਾ ਡੰਪਿੰਗ ਗਰਾਂਉਡ ਦੇ legacy waste ਦੀ ਰੈਮੀਡੇਸ਼ਨ ਕੀਤੀ ਜਾਣੀ ਹੈ।ਡੰਪਿੰਗ ਗਰਾਂਉਡ ਦੀ ਰੈਮੀਡੇਸ਼ਨ ਕਰਨ ਲਈ DPR ਤਿਆਰ ਕੀਤੀ ਗਈ ਹੈ।ਇਹ DPR ਚੀਫ ਇੰਜੀਨੀਅਰ ਲੋਕਲ ਬਾਡੀਜ ਤੋਂ ਵੈਟ ਕਰਵਾਈ ਜਾਵੇਗੀ।ਇਹ DPR ਅਨੁਸਾਰ ਇਸ ਕੰਮ ਲਈ ਹੇਠ ਲਿਖੇ ਅਨੁਸਾਰ ਖਰਚਾ ਆਉਣਾ ਹੈ:-<br>1. CAPEX - 1.70 crore<br>2. OPEX - 4.46 crore<br>3. GST-12% = 73.91 lac<br>4. Total - 6.899 crore<br>ਸੋ ਉਕਤ ਅਨੁਸਾਰ ਮਸ਼ੀਨਰੀ ਤੇ ਲੱਗਭਗ 1.70 ਕਰੋੜ ਰੁਪਏ ਦਾ ਖਰਚਾ ਆਵੇਗਾ। ਪੀ.ਐਮ.ਆਈ.ਡੀ.ਸੀ. ਵੱਲੋਂ ਆਪਣੇ ਪੱਤਰ ਨੰ: PMIDC/SWM/20201036 ਮਿਤੀ 04.02.2020 ਰਾਹੀਂ ਡੰਪਿੰਗ ਗਰਾਂਉਡ ਦੇ ਰੈਮੀਡੇਸ਼ਨ ਕਰਨ ਲਈ 1.15 ਕਰੋੜ ਰੁਪਏ ਦੀ ਮਸ਼ੀਨਰੀ ਨਗਰ ਨਿਗਮ ਨੂੰ ਦੇਣ ਦੀ ਪ੍ਰਵਾਨਗੀ ਦਿੱਤੀ ਹੈ ਅਤੇ ਇਸ ਰਕਮ ਦਾ 40% ਹਿੱਸਾ ਭਾਵ 46.00 ਲੱਖ ਰੁਪਏ ਨਗਰ ਨਿਗਮ ਵਿੱਚ ਪ੍ਰਾਪਤ ਵੀ ਹੋ ਗਏ ਹਨ। ਪੀ.ਐਮ.ਆਈ.ਡੀ.ਸੀ. ਤੋਂ ਹੋਰ ਫੰਡਜ ਲੈਣ ਲਈ ਵੀ ਉਪਰਾਲੇ ਕੀਤੇ ਜਾਣਗੇ।ਬਾਕੀ ਦੇ ਫੰਡਜ ਨਗਰ ਨਿਗਮ ਵੱਲੋਂ ਖਰਚੇ ਜਾਣਗੇ।ਉਕਤ ਪ੍ਰੋਪੋਜਲ ਅਤੇ ਡੀ.ਪੀ.ਆਰ. ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ। | |
| 12 | 628 | 12.02.20 | **<u>ਹੇਠ ਲਿਖੀਆਂ ਆਈਟਮਾਂ ਮੇਅਰ ਸਾਹਿਬ ਦੀ ਆਗਿਆ ਨਾਲ ਪੇਸ਼ ਕੀਤੀਆਂ ਗਈਆਂ।</u>**<br>**<u>Annual Maintenance Contract (Non-comprehensive) all sanitation, Water supply, road, Electrical & Staff cars Vehicles of Municipal Corporation S.A.S Nagar.</u>**<br>ਰਿਪੋਰਟ ਇੰਜੀਨੀਅਰਿੰਗ ਸ਼ਾਖਾ ਕਿ ਨਗਰ ਨਿਗਮ ਵੱਲੋਂ ਸ਼ਹਿਰ ਵਿੱਚ ਸਫਾਈ ਅਤੇ ਹੋਰ ਵੱਖ ਵੱਖ ਤਰ੍ਹਾਂ ਦੇ ਡਿਵੈਲਪਮੈਂਟ ਦੇ ਕੰਮ ਕੀਤੇ ਜਾਂਦੇ ਹਨ। ਇਨ੍ਹਾਂ ਕੰਮਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਵੱਖ-ਵੱਖ ਤਰ੍ਹਾਂ ਦੀਆਂ ਅਲੱਗ-2 ਕੰਪਨੀ ਦੀਆ ਗੱਡੀਆ ਦੀ ਵਰਤੋਂ ਕੀਤੀ ਜਾਂਦੀ ਹੈ। ਜਿਵੇਂ ਕਿ ਟਰੈਕਟਰ, ਟਿਪੱਰ, ਜੇ.ਸੀ.ਬੀ ਆਦਿ।<br>ਇਥੇ ਦੱਸਣਯੋਗ ਹੋਵੇਗਾ ਕਿ ਸ਼ਹਿਰ ਵਿੱਚ ਵੱਖ-ਵੱਖ ਕੰਮਾਂ ਦੌਰਾਨ ਵਰਤੀਆ ਜਾਂਦੀਆ ਗੱਡੀਆ ਦੀ ਸਮੇਂ-ਸਮੇਂ ਤੇ ਸਰਵਿਸ/ਰਿਪੇਅਰ ਕਰਵਾਉਣ ਦੀ ਜਰੂਰਤ ਪੈਂਦੀ ਹੈ ਅਤੇ ਕਈ ਵਾਰ ਚੱਲ ਰਹੇ ਕੰਮ ਦੌਰਾਨ ਗੱਡੀ ਖਰਾਬ ਹੋ ਜਾਂਦੀ ਹੈ। ਜਿਸ ਦੀ ਰਿਪੇਅਰ ਕਰਵਾਉਣਾ ਅਤਿ ਜਰੂਰੀ ਹੁੰਦਾ ਹੈ, ਕਿਉਂ ਕਿ ਇਹ ਗੱਡੀਆਂ ਸ਼ਹਿਰ ਵਿੱਚ ਸਫਾਈ | ਸਰਬ ਸੰਮਤੀ ਨਾਲ ਪ੍ਰਵਾਨ ਹੈ। |

| | | | | |
|---|---|---|---|---|
| | | | ਅਤੇ ਕੂੜਾ ਕਰਕਟ ਸੈਕੰਡਰੀ ਪੁਆਇੰਟ ਤੋਂ ਡਪਿੰਗ ਪਆਇੰਟ ਤੇ ਲੈ ਕੇ ਜਾਣ ਲਈ ਇਸਤੇਮਾਲ ਕੀਤੀਆ ਜਾਂਦੀਆ ਹਨ। ਜੇਕਰ ਇਨ੍ਹਾਂ ਗੱਡੀਆ ਦੀ ਰਿਪੇਅਰ ਜਲਦ ਤੋਂ ਜਲਦ ਨਹੀਂ ਕਰਵਾਈ ਜਾਂਦੀ ਤਾਂ ਸ਼ਹਿਰ ਵਿੱਚ ਰੋਜ਼ਾਨਾ ਕੰਮ ਕਰਨ ਵਿੱਚ ਦਿੱਕਤ ਪੇਸ਼ ਆਵੇਗੀ। ਜਿਸ ਨਾਲ ਸ਼ਹਿਰ ਵਿੱਚ ਨਗਰ ਨਿਗਮ ਦਾ ਅਕਸ਼ ਵੀ ਖਰਾਬ ਹੋ ਸਕਦਾ ਹੈ।<br>ਸੋ ਉਕਤ ਮੁਤਾਬਿਕ ਨਗਰ ਨਿਗਮ ਵੱਲੋਂ ਗੱਡੀਆ ਦੀ ਰਿਪੇਅਰ/ਸਰਵਿਸ ਆਦਿ ਕਰਵਾਉਣ ਲਈ ਇੱਕ ਸਾਲ ਦਾ ਈ-ਟੈਂਡਰ ਪ੍ਰਣਾਲੀ ਰਾਂਹੀ Annual Maintenance Contract ਕਰਨਾ ਯੋਗ ਹੋਵੇਗਾ। Annual Maintenance Contract ਵਿੱਚ ਕੰਪਨੀ/ਔਥੋਰਾਈਜਡ ਡੀਲਰ ਵੱਲੋਂ ਗੱਡੀਆ ਦੀ Service/ Minor Repair/ Major Repair/ Cost of Spare parts ਅਤੇ ਲੇਬਰ ਚਾਰਜਸ ਦਿੱਤੇ ਜਾਣਗੇ।ਔਥੋਰਾਈਜਡ ਡੀਲਰ ਵੱਲੋਂ ਗੱਡੀਆ ਦੀ ਰਿਪੇਅਰ/ਸਰਵਿਸ ਨਗਰ ਨਿਗਮ ਤੋਂ ਪ੍ਰਵਾਨਗੀ ਲੈਣ ਉਪਰੰਤ ਹੀ ਕੀਤੀ ਜਾਵੇਗੀ।ਗੱਡੀਆ ਦੀ ਰਿਪੇਅਰ/ ਸਰਵਿਸ ਅਤੇ Spare parts ਦੀ ਅਦਾਇਗੀ ਨਗਰ ਨਿਗਮ ਵੱਲੋਂ ਜਾਰੀ ਕੀਤੇ ਗਏ ਵਰਕ ਆਰਡਰ ਦੇ ਆਧਾਰ ਤੇ ਹੀ ਕੀਤੀ ਜਾਵੇਗੀ।<br>ਸੋ ਉਕਤ ਤੱਥਾ ਨੂੰ ਮੁੱਖ ਰੱਖਦੇ ਹੋਏ ਨਗਰ ਨਿਗਮ ਦੀਆਂ ਸਾਰੀਆਂ ਗੱਡੀਆ ਦੀ Annual Maintenance Contract ਕਰਨਾ ਉਚਿਤ ਹੋਵੇਗਾ।ਜਿਸ ਨਾਲ ਗੱਡੀਆ ਦੀ ਸਰਵਿਸ/ਰਿਪੇਅਰ ਆਦਿ ਕਰਵਾਉਣ ਲਈ ਘੱਟ ਸਮਾਂ ਲੱਗੇਗਾ ਅਤੇ ਨਗਰ ਨਿਗਮ ਵੱਲੋਂ ਸ਼ਹਿਰ ਵਿੱਚ ਸਫਾਈ ਅਤੇ ਹੋਰ ਡਿਵਲਪਮੈਂਟ ਦੇ ਕੰਮ ਸੁਚਾਰੂ ਢੰਗ ਨਾਲ ਕੀਤੇ ਜਾ ਸਕਦੇ ਹਨ। ਇਥੇ ਇਹ ਵੀ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਨਗਰ ਨਿਗਮ ਦੀਆਂ ਸਾਰੀਆ ਗੱਡੀਆ ਨੂੰ Annual Maintenance Contract ਪ੍ਰਕ੍ਰਿਆ ਅਧੀਨ ਲਿਆਉਣ ਲਈ ਕੁਝ ਸਮਾਂ ਲੱਗ ਸਕਦਾ ਹੈ। ਇਸ ਲਈ ਨਗਰ ਨਿਗਮ ਦੀ ਸਾਰੀਆ ਗੱਡੀਆ ਦੀ ਸਰਵਿਸ/ਰਿਪੇਅਰ/ਪਾਸਿੰਗ/ਇੰਨਸੋਰੇਸ਼ ਕਰਨ ਲਈ ਸਿੱਧੇ ਤੌਰ ਤੇ ਗੱਡੀਆ ਦੀ ਕੰਪਨੀਆ ਦੇ ਔਥੋਰਾਈਜਡ ਡੀਲਰ ਤੋਂ ਕੁਟੇਸ਼ਨ ਪ੍ਰਾਪਤ ਕਰਕੇ ਕੰਮ ਕਰਵਾਉਣਾ ਯੋਗ ਹੋਵੇਗਾ। ਕਿਉਂਕਿ ਕਈ ਵਾਰ ਗੱਡੀਆ ਦੀ ਰਿਪੇਅਰ/ਸਰਵਿਸ ਤੇ ਆਉਣ ਵਾਲਾ ਖਰਚਾ 20,000/-ਰੁਪਏ ਤੋਂ ਜਿਆਦਾ ਹੁੰਦਾ ਹੈ। ਸਰਕਾਰ ਦੇ ਰੂਲਾ ਮੁਤਾਬਿਕ 20,000/-ਰੂਪੈ ਤੋਂ ਜਿਆਦਾ ਕੋਈ ਵੀ ਕੰਮ ਕਰਵਾਉਣ ਲਈ ਟੈਂਡਰ ਕਾਲ ਕਰਨ ਦੀ ਜਰੂਰਤ ਹੁੰਦੀ ਹੈ। ਜਿਸ ਨਾਲ ਗੱਡੀਆ ਦੀ ਰਿਪੇਅਰ ਕਰਨ ਵਿੱਚ ਦੇਰੀ ਹੋ ਜਾਂਦੀ ਹੈ। ਜਿਸ ਕਰਕੇ ਸ਼ਹਿਰ ਵਿੱਚ ਰੋਜ਼ਾਨਾ ਹੋਣ ਵਾਲੇ ਕੰਮ ਸੁਚਾਰੂ ਢੰਗ ਨਾਲ ਨਹੀਂ ਕੀਤਾ ਜਾ ਸਕਦਾ।<br>ਉਕਤ ਕੇਸ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ। | |
| 13 | 629 | 12.02.20 | **ਗਊਸ਼ਾਲਾ ਨੇੜੇ 1 ਏਕੜ ਵਿੱਚ ਡੋਗ ਸ਼ੈਲਟਰ/ ਪੈਟ ਕਲੀਨਿਕ ਅਤੇ ਪਿੰਡ ਮੋਹਾਲੀ ਨੇੜੇ 0.33 ਏਕੜ ਜਗ੍ਹਾ ਵਿੱਚ ਐਨੀਮਲ ਬਰਥ ਕੰਟਰੋਲ ਦੀ ਸਥਾਪਨਾ ਸਬੰਧੀ।**<br>ਰਿਪੋਰਟ ਇੰਜੀਨੀਅਰਿੰਗ ਸ਼ਾਖਾ ਕਿ ਗਮਾਡਾ ਵੱਲੋਂ ਪਿੰਡ ਮੋਹਾਲੀ ਨੇੜੇ 0.33 ਏਕੜ ਜਗ੍ਹਾ ਡੋਗ ਸ਼ੈਲਟਰ/ ਪੈਟ ਕਲੀਨਿਕ ਲਈ ਅਤੇ ਇੰਡਸਟਰੀਅਲ ਏਰੀਆ ਫੇਜ-1 ਨੇੜੇ ਗਊਸ਼ਾਲਾ ਵਿਖੇ 1 ਏਕੜ ਜਗ੍ਹਾ ਐਨੀਮਲ ਬਰਥ ਕੰਟਰੋਲ ਦੀ ਸਾਈਟ ਲਈ ਤਜਵੀਜ ਕੀਤੀ ਗਈ ਸੀ।ਇਸ ਸਬੰਧੀ ਕਮਿਸ਼ਨਰ, ਨਗਰ ਨਿਗਮ ਜੀ ਅਤੇ ਨਿਗਰਾਨ ਇੰਜੀਨੀਅਰ, ਨਗਰ ਨਿਗਮ ਵੱਲੋਂ ਸਾਂਝੇ ਤੌਰ ਮੌਕਾ ਵੇਖਿਆ ਗਿਆ ਅਤੇ ਫੈਸਲਾ ਕੀਤਾ ਗਿਆ ਕਿ ਉਕਤ ਤਜਵੀਜ ਤਕਨੀਕੀ ਤੌਰ ਤੇ ਵਾਜਿਬ ਨਹੀਂ ਬਣਦੀ। ਇਸ ਲਈ ਡੋਗ ਸ਼ੈਲਟਰ ਵਾਲੀ 0.33 ਏਕੜ ਵਾਲੀ ਜਗ੍ਹਾ ਤੇ ਐਨੀਮਲ ਬਰਥ ਕੰਟਰੋਲ ਅਤੇ | ਸਰਬ ਸੰਮਤੀ ਨਾਲ ਪ੍ਰਵਾਨ ਹੈ ਅਤੇ ਤਜਵੀਜ ਅਨੁਸਾਰ ਗਮਾਡਾ ਨਾਲ ਟੇਕ-ਅਪ ਕੀਤਾ ਜਾਵੇ। |

<table>
<tr><td></td><td></td><td></td><td>ਐਨੀਮਲ ਬਰਥ ਕੰਟਰੋਲ ਵਾਲੀ 1 ਏਕੜ ਜਗ੍ਹਾ ਤੇ ਡੋਗ ਸ਼ੈਲਟਰ ਦੀ ਉਸਾਰੀ ਲਈ ਵਰਤੀ ਜਾਣੀ ਵਾਜਿਬ ਹੋਵੇਗੀ।<br><br>ਉਕਤ ਅਨੁਸਾਰ ਤਜਵੀਜ ਨਗਰ ਨਿਗਮ ਦੇ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ।</td><td></td></tr>
<tr><td>14</td><td>630</td><td>12.02.20</td><td>ਇੰਜੀਨੀਅਰਿੰਗ ਸ਼ਾਖਾ ਵੱਲੋਂ ਹੇਠ ਲਿਖੇ ਤਖਮੀਨੇ ਤਿਆਰ ਕੀਤੇ ਗਏ ਹਨ, ਜੋ ਕਿ ਪ੍ਰਸ਼ਾਸ਼ਕੀ ਪ੍ਰਵਾਨਗੀ ਹਿੱਤ ਪੇਸ਼ ਹਨ :-
<table>
<tr><td>ਲੜੀ ਨੰ:</td><td>ਕੰਮ ਦੇ ਤਖਮੀਨੇ ਦਾ ਨਾਮ</td><td>ਅਨੁਮਾਨਤ ਲਾਗਤ (ਲੱਖਾਂ ਵਿੱਚ)</td></tr>
<tr><td>1</td><td>ਰਫ ਕਾਸਟ ਐਸਟੀਮੇਟ ਫਾਰ ਕੰਸਟਰਕਸ਼ਨ ਆਫ ਪ੍ਰੀਕਾਸਟ ਆਰ.ਸੀ.ਸੀ. ਬਾਊਂਡਰੀ ਵਾਲ ਅਰਾਂਉਂਡ ਲੈਂਡ ਫਾਰ ਸੋਲਿਡ ਵੇਸਟ ਮੈਨੇਜਮੈਂਟ ਪ੍ਰੋਜੈਕਟ ਇੰਨ ਵਿਲੇਜ ਸਮਗੋਲੀ, ਤਹਿਸੀਲ ਡੇਰਾਬੱਸੀ, ਮੋਹਾਲੀ।</td><td>56.87 ਲੱਖ</td></tr>
<tr><td>2</td><td>ਸਪਲਾਈ ਆਫ ਫਿਊਲ ਵੁੱਡ ਫਾਰ ਕ੍ਰੀਮੇਸ਼ਨ ਗਰਾਂਉਡ।</td><td>39.27 ”</td></tr>
<tr><td>3</td><td>ਕੰਨਸਟਰਕਸ਼ਨ ਆਫ ਮਿਊਂਸਪਲ ਰੈਜੀਡੈਂਸ 1986 ਐਟ ਫੇਜ-5, ਐਸ.ਏ. ਐਸ.ਨਗਰ।</td><td>77.25 ”</td></tr>
</table></td><td>ਸਰਬ ਸੰਮਤੀ ਨਾਲ ਪ੍ਰਵਾਨ ਹੈ।</td></tr>
<tr><td>15</td><td>631</td><td>12.02.20</td><td>ਹਾਊਸ ਦੀ ਮੀਟਿੰਗ ਦੌਰਾਨ ਕੁਝ ਮਾਨਯੋਗ ਕੌਂਸਲਰ ਸਾਹਿਬਾਨ ਵੱਲੋਂ ਧਿਆਨ ਵਿੱਚ ਲਿਆਂਦਾ ਗਿਆ ਕਿ ਹਾਊਸ ਅਤੇ ਵਿੱਤ ਅਤੇ ਠੇਕਾ ਕਮੇਟੀ ਵੱਲੋਂ ਵਿਕਾਸ ਦੇ ਯੋਗ ਕੰਮ ਕਰਵਾਉਣ ਦੀ ਪ੍ਰਵਾਨਗੀ ਦਿੱਤੀ ਗਈ ਹੈ, ਉਹ ਕੰਮ ਲੋੜੀਂਦੀ ਰਫਤਾਰ ਨਾਲ ਪੂਰੇ ਨਹੀਂ ਹੋ ਪਾ ਰਹੇ ਹਨ। ਇਸ ਸਬੰਧੀ ਨਿਗਰਾਨ ਇੰਜੀਨੀਅਰ ਵੱਲੋਂ ਮਾਨਯੋਗ ਹਾਊਸ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਨਗਰ ਨਿਗਮ ਦੇ ਖੇਤਰ ਵਿੱਚ ਹੋਣ ਉਪਰੰਤ ਕੰਮ ਵਿੱਚ ਵੀ ਲਗਾਤਾਰ ਵਾਧਾ ਹੋ ਰਿਹਾ ਹੈ, ਪ੍ਰੰਤੂ ਕੰਮ ਦੇ ਮੁਤਾਬਿਕ ਲੋੜੀਂਦੀ ਮੇਨਪਾਵਰ ਨਹੀਂ ਹੈ ਕਿਉਂਕਿ ਨਗਰ ਨਿਗਮ ਵਿਖੇ ਜੇ.ਈ.(ਸਿਵਲ) ਦੀਆਂ 4 ਆਸਾਮੀਆਂ, ਜੇ.ਈ. (ਓ ਐਂਡ ਐਮ) ਦੀਆਂ 3 ਅਸਾਮੀਆਂ ਅਤੇ ਜੇ.ਈ.(ਬਾਗਬਾਨੀ) ਦੀਆ 4 ਅਸਾਮੀਆਂ ਖਾਲੀ ਪਈਆਂ ਹਨ। ਇਸ ਲਈ ਵਿਕਾਸ ਦੇ ਕੰਮਾਂ ਨੂੰ ਸੁਚੱਜੇ ਢੰਗ ਨਾਲ ਅਤੇ ਸਮੇਂ-ਸਿਰ ਕਰਵਾਉਣ ਲਈ ਇਹਨਾਂ ਖਾਲੀ ਅਸਾਮੀਆਂ ਦੇ ਵਿਰੁੱਧ ਸਬੰਧਤ ਕਰਮਚਾਰੀਆਂ ਦੀ ਤੈਨਾਤੀ ਕਰਨੀ ਅਤੀ ਜਰੂਰੀ ਹੈ।</td><td>ਇਸ ਸਬੰਧੀ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਸਰਕਾਰ ਵੱਲੋਂ ਸਬੰਧਤ ਅਸਾਮੀਆਂ ਤੇ ਰੈਗੂਲਰ ਕਰਮਚਾਰੀ ਤੈਨਾਤ ਕੀਤੇ ਜਾਣ ਅਤੇ ਜਦੋਂ ਤੱਕ ਕਿਸੇ ਕਾਰਨਾਂ ਕਰਕੇ ਸਬੰਧਤ ਜੇ.ਈ. ਦੀ ਤੈਨਾਤੀ ਨਹੀਂ ਹੁੰਦੀ ਉਦੋਂ ਤੱਕ ਜੇ.ਈ. ਦੀਆ ਖਾਲੀ ਪਈਆ ਅਸਾਮੀਆ ਵਿਰੁੱਧ ਮੇਨ ਪਾਵਰ ਆਊਟ ਸੋਰਸ ਰਾਹੀਂ ਡੀ.ਸੀ. ਰੇਟ ਤੇ ਨਗਰ ਨਿਗਮ ਵੱਲੋਂ</td></tr>
</table>

| | | | | |
|---|---|---|---|---|
| | | | | ਈ-ਟੈਂਡਰ ਕਾਲ ਕਰਕੇ ਆਊਟ ਸੋਰਸ ਰਾਹੀਂ ਮੈਨਪਾਵਰ ਲੈਣ ਲਈ ਇੰਮਪੈਨਲ ਕੀਤੀ ਏਜੰਸੀ ਜਾਂ Gretis india Pvt. ਜੀਰਕਪੁਰ ਰਾਹੀਂ ਲੈਣ ਸਬੰਧੀ ਸਰਕਾਰ ਵੱਲੋਂ ਪ੍ਰਵਾਨਗੀ ਦਿੱਤੀ ਜਾਵੇ। |
| 16 | 632 | 12.02.20 | ਮੇਅਰ, ਨਗਰ ਨਿਗਮ ਜੀ ਵੱਲੋਂ ਹਾਊਸ ਵਿੱਚ ਕਿਹਾ ਗਿਆ ਮੇਰੇ ਕਾਰਜ਼ਕਾਲ ਦੌਰਾਨ ਮਿਊਂਸਪਲ ਕਾਰਪੋਰੇਸ਼ਨ, ਐਸ.ਏ. ਐਸ.ਨਗਰ ਵਿਖੇ ਕੰਮ ਕਰਦੇ ਹੇਠ ਲਿਖੇ ਮੁਲਾਜ਼ਮਾਂ ਨੂੰ ਸਨਮਾਨਿਤ ਕਰਨਾ ਬਣਦਾ ਹੈ, ਕਿਉਂਕਿ ਇਹਨਾਂ ਵੱਲੋਂ ਹਮੇਸ਼ਾ ਹੀ ਆਪਣੀ ਡਿਊਟੀ ਪੂਰੀ ਤਨਦੇਹੀ, ਮਿਹਨਤ, ਲਗਨ, ਇਮਾਨਦਾਰੀ ਅਤੇ ਪੂਰੀ ਸੂਝਬੂਝ ਨਾਲ ਨਿਭਾਈ ਹੈ। ਇਹਨਾਂ ਵੱਲੋਂ ਕਦੇ ਵੀ ਕਿਸੇ ਕੰਮ ਵਿੱਚ ਕੋਈ ਕੁਤਾਹੀ ਨਹੀ ਵਰਤੀ ਗਈ ਅਤੇ ਨਾ ਹੀ ਕਦੇ ਕੋਈ ਸ਼ਿਕਾਇਤ ਦਾ ਮੌਕਾ ਦਿੱਤਾ ਗਿਆ ਹੈ ਬਲਕਿ ਦਫਤਰੀ ਕੰਮਕਾਜ਼ ਨੂੰ ਮਿੱਥੇ ਸਮੇਂ ਦੇ ਅੰਦਰ ਬਹੁਤ ਹੀ ਸੁੱਚਜੇ ਢੰਗ ਨਾਲ ਨਿਪਟਾਇਆ ਜਾਂਦਾ ਹੈ। ਅਜਿਹੇ ਮੁਲਾਜਮਾ ਤੇ ਨਗਰ ਨਿਗਮ ਨੂੰ ਹਮੇਸ਼ਾ ਹੀ ਮਾਣ ਰਹੇਗਾ ਅਤੇ ਭਵਿੱਖ ਵਿੱਚ ਨਗਰ ਨਿਗਮ ਅਜਿਹੇ ਮੁਲਾਜਮਾਂ ਦੀ ਜ਼ਰੂਰਤ ਹੈ। ਇਸ ਸਬੰਧੀ ਜੇਕਰ ਹਾਊਸ ਸਹਿਮਤ ਹੋਵੇ ਤਾਂ ਨਿਮਨ ਲਿਖਤ ਮੁਲਾਜ਼ਮਾਂ ਨੂੰ ਪ੍ਰਸੰਸਾ ਪੱਤਰ ਦਿੱਤੇ ਜਾਣ:-<br>1) ਸ੍ਰੀ ਭੀਮ ਸੈਨ, ਸੁਪਰਡੈਂਟ<br>2) ਸ੍ਰੀ ਜਸਵਿੰਦਰ ਸਿੰਘ, ਸੁਪਰਡੈਂਟ<br>3) ਸ੍ਰੀਮਤੀ ਸਤਵਿੰਦਰ ਕੌਰ, ਨਿੱਜੀ ਸਹਾਇਕ | ਇਸ ਸਬੰਧੀ ਹਾਊਸ ਵੱਲੋਂ ਆਪਣੀ ਸਹਿਮਤੀ ਸਰਬ ਸੰਮਤੀ ਨਾਲ ਦਿੱਤੀ ਗਈ ਅਤੇ ਫੈਸਲਾ ਕੀਤਾ ਗਿਆ ਕਿ ਕਮਿਸ਼ਨਰ, ਨਗਰ ਨਿਗਮ ਜੀ ਵੱਲੋਂ ਇਹਨਾਂ ਮੁਲਾਜਮਾਂ ਨੂੰ ਪ੍ਰੰਸਸ਼ਾ ਪੱਤਰ ਦਿੱਤੇ ਜਾਣ। |

ਹਾਊਸ ਵੱਲੋਂ ਬਹੁ-ਸੰਮਤੀ ਨਾਲ ਸ੍ਰੀ ਕੁਲਵੰਤ ਸਿੰਘ, ਮੇਅਰ, ਨਗਰ ਨਿਗਮ ਐਸ.ਏ.ਐਸ.ਨਗਰ ਜੀ ਦਾ ਧੰਨਵਾਦ ਕੀਤਾ ਗਿਆ ਕਿ ਉਹਨਾ ਵੱਲੋਂ ਆਪਣੇ ਕਾਰਜਕਾਲ ਦੌਰਾਨ ਪਾਰਟੀਬਾਜੀ ਤੋਂ ਉਪਰ ਉੱਠ ਕੇ ਸ਼ਹਿਰ ਦਾ ਸਰਬਪੱਖੀ ਵਿਕਾਸ ਕਰਵਾਇਆ ਗਿਆ ਹੈ ਅਤੇ ਬਿਨ੍ਹਾ ਕਿਸੇ ਭੇਦਭਾਵ ਦੇ ਹਰੇਕ ਮਿਊਂਸਪਲ ਕੌਂਸਲਰ ਦੇ ਵਾਰਡ ਵਿੱਚ ਲੋੜ ਅਨੁਸਾਰ ਕੰਮ ਕਰਵਾਏ ਹਨ।ਸ਼ਹਿਰ ਦੇ ਵਿਕਾਸ ਦੇ ਕੰਮਾਂ ਪ੍ਰਤੀ ਜੋ ਵੀ ਕੋਈ ਮੁਸ਼ਕਲ ਪੇਸ਼ ਆਈ ਹੈ ਭਾਵੇ ਉਹ ਨਗਰ ਨਿਗਮ ਨਾਲ ਜਾਂ ਦੂਸਰੇ ਵਿਭਾਗਾਂ ਨਾਲ ਸਬੰਧਤ ਹੋਵੇ ਉਸਨੂੰ ਵੀ ਮੇਅਰ ਸਾਹਿਬ ਵੱਲੋਂ ਨਿਪਟਾਉਣ ਦੀ ਤੱਤਪਰ ਕੋਸ਼ਿਸ਼ ਕੀਤੀ ਗਈ ਹੈ।

ਸਹੀ/-
ਮੇਅਰ
ਨਗਰ ਨਿਗਮ,
ਐਸ.ਏ.ਐਸ.ਨਗਰ।